
FRASERVIEW
BANQUET HALL
presents
the Views
dosa hub
FUSION OF FLAVOURS
IN OUR EVERY BITE
LUNCH SPECIALS
11 AM - 3 PM
HAPPY HOURS
4 PM - 6 PM
8248, Fraser Street
236-455-5848
viewsdosahub.com

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
52 YEARS OF EXCELLENCE — THE LINK GROUP 1973–2024
WEEKLY NEWSPAPER
VOL. : 12 ISSUE : 14 SATURDAY, 6 APRIL, 2024
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
ਰੇਡੀਓ ਪੰਜਾਬ Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਸੱਪ 'ਤੇ ਭਰੋਸਾ ਕਰ ਸਕਦੇ ਹੋ ਭਾਜਪਾ 'ਤੇ ਨਹੀਂ-ਮਮਤਾ

ਕੂਚ ਬਿਹਾਰ (ਪੱਛਮੀ ਬੰਗਾਲ)-ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਅੱਜ ਭਾਜਪਾ 'ਤੇ ਲੋਕ ਸਭਾ ਚੋਣਾਂ ਲਈ ਲਾਗੂ ਆਦਰਸ਼ ਚੋਣ ਜ਼ਾਬਤੇ (ਐੱਮਸੀਸੀ) ਦੀ ਪਾਲਣਾ ਨਾ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਜ਼ਹਿਰੀਲੇ ਸੱਪਾਂ 'ਤੇ ਭਰੋਸਾ ਕੀਤਾ ਜਾ ਸਕਦਾ ਹੈ ਪਰ ਭਾਜਪਾ 'ਤੇ ਨਹੀਂ। ਕੂਚ ਬਿਹਾਰ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਬੈਨਰਜੀ ਨੇ ਦੋਸ਼ ਲਾਇਆ ਕਿ ਕੇਂਦਰੀ ਜਾਂਚ ਏਜੰਸੀਆਂ, ਸੀਮਾ ਸੁਰੱਖਿਆ ਬਲ (ਬੀਐੱਸਐੱਫ) ਅਤੇ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀਆਈਐੱਸਐੱਫ) ਭਾਜਪਾ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਚੋਣ ਕਮਿਸ਼ਨ ਨੂੰ ਇਸ ਪਾਸੇ ਧਿਆਨ ਦੇਣ ਅਤੇ ਸਾਰਿਆਂ ਲਈ ਬਰਾਬਰ ਦੇ ਮੌਕੇ ਮੁਹੱਈਆ ਕਰਵਾਉਣਾ ਯਕੀਨੀ ਬਣਾਏ ਜਾਣ ਦੀ ਅਪੀਲ ਕੀਤੀ ਮੁੱਖ ਮੰਤਰੀ ਨੇ ਕਿਹਾ, "ਤੁਸੀਂ ਜ਼ਹਿਰੀਲੇ ਸੱਪ 'ਤੇ ਭਰੋਸਾ ਕਰ ਸਕਦੇ ਹੋ, ਤੁਸੀਂ ਇਸ ਨੂੰ ਪਾਲ ਸਕਦੇ ਹੋ, ਪਰ ਤੁਸੀਂ ਕਦੇ ਵੀ ਭਾਜਪਾ ਉੱਤੇ ਭਰੋਸਾ ਨਹੀਂ ਕਰ ਸਕਦੇ... ਭਾਜਪਾ ਦੇਸ਼ ਨੂੰ ਬਰਬਾਦ ਕਰ ਰਹੀ ਹੈ" ਉਨ੍ਹਾਂ ਕਿਹਾ, "ਟੀਐੱਮਸੀ ਕੇਂਦਰੀ ਏਜੰਸੀਆਂ ਦੀਆਂ ਧਮਕੀਆਂ ਅੱਗੇ ਨਹੀਂ ਝੁਕੇਗੀ।" ਬੈਨਰਜੀ ਨੇ ਕੂਚ ਬਿਹਾਰ ਦੀਆਂ ਔਰਤਾਂ ਨੂੰ ਅਪੀਲ ਕੀਤੀ ਕਿ ਜੇ 19 ਅਪਰੈਲ ਦੀਆਂ ਚੋਣਾਂ ਤੋਂ ਪਹਿਲਾਂ 'ਬੀਐੱਸਐੱਫ ਵੱਲੋਂ ਸਥਾਨਕ ਲੋਕਾਂ ਨਾਲ ਧੱਕਾ' ਕੀਤਾ ਜਾਂਦਾ ਹੈ ਤਾਂ ਉਹ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਉਣ। ਨਿਸਿਥ ਪ੍ਰਮਾਣਿਕ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ, "ਇਹ ਦੇਸ਼ ਲਈ ਨਮੋਸ਼ੀ ਵਾਲੀ ਗੱਲ ਹੈ ਕਿ ਜਿਸ ਵਿਅਕਤੀ ਖ਼ਿਲਾਫ਼ ਕਈ ਕੇਸ ਦਰਜ ਹਨ, ਉਸ ਨੂੰ ਗ੍ਰਹਿ ਰਾਜ ਮੰਤਰੀ ਬਣਾਇਆ ਗਿਆ ਹੈ। ਜਿਸ ਨੂੰ ਸਾਡੀ ਪਾਰਟੀ ਵਿੱਚੋਂ ਕੱਢਿਆ ਗਿਆ ਸੀ, ਉਹ ਹੁਣ ਭਾਜਪਾ ਲਈ ਕੀਮਤੀ ਹੈ।"



# ਬਾਬਾ ਤਰਸੇਮ ਸਿੰਘ ਦੇ ਕਾਤਲਾਂ ਦੇ 4 ਮਦਦਗਾਰ ਗ੍ਰਿਫ਼ਤਾਰ

ਦੇਹਰਾਦੂਨ-ਉੱਤਰਾਖੰਡ ਦੇ ਨਾਨਕਮੱਤਾ 'ਚ ਕਾਰ ਸੇਵਾ ਮੁਖੀ ਬਾਬਾ ਤਰਸੇਮ ਸਿੰਘ ਦੀ ਹੱਤਿਆ ਵਿੱਚ ਸ਼ਾਮਲ ਮੁਲਜ਼ਮਾਂ ਦੀ ਮਦਦ ਕਰਨ ਦੇ ਦੋਸ਼ ਵਿੱਚ ਪੁਲੀਸ ਨੇ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਦੇ ਹੱਥ ਹਾਲੇ ਤੱਕ ਹਮਲਾਵਰ ਨਹੀਂ ਲੱਗੇ। ਪੁਲੀਸ ਨੇ ਕਤਲ ਦੇ ਮਾਮਲੇ ਵਿੱਚ ਲੋੜੀਂਦੇ ਦੋ ਭਗੌੜੇ ਦੋਸ਼ੀਆਂ (ਸ਼ੂਟਰਾਂ) ਦੀ ਇਨਾਮੀ ਰਾਸ਼ੀ 25,000 ਰੁਪਏ ਤੋਂ ਵਧਾ ਕੇ 50,000 ਰੁਪਏ ਕਰ ਦਿੱਤੀ ਹੈ। ਕਾਰ ਸੇਵਾ ਪ੍ਰਧਾਨ ਬਾਬਾ ਤਰਸੇਮ ਸਿੰਘ ਦੀ 28 ਮਾਰਚ ਨੂੰ ਦੋ ਬਾਈਕ ਸਵਾਰ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਸ ਤੋਂ ਪਹਿਲਾਂ ਨਾਨਕਮੱਤਾ ਥਾਣੇ ਵਿੱਚ ਸਾਬਕਾ ਆਈਏਐੱਸ ਅਧਿਕਾਰੀ ਹਰਬੰਸ ਸਿੰਘ ਚੁੱਘ ਅਤੇ ਦੋ ਹੋਰਾਂ ਪ੍ਰੀਤਮ ਸਿੰਘ ਅਤੇ ਬਾਬਾ ਅਨੂਪ ਸਿੰਘ ਖ਼ਿਲਾਫ਼ ਕਥਿਤ ਕਤਲ ਦੇ ਦੋਸ਼ ਵਿੱਚ ਐਫਆਈਆਰ ਦਰਜ ਕੀਤੀ ਗਈ ਸੀ। ਕਾਰ ਸੇਵਾ ਦੇ ਸੇਵਾਦਾਰ ਜਸਬੀਰ ਸਿੰਘ ਨੇ ਦੋਸ਼ ਲਾਇਆ ਸੀ ਕਿ ਹਰਬੰਸ ਸਿੰਘ ਚੁੱਘ ਅਤੇ ਦੋ ਹੋਰਾਂ ਨੇ ਕਾਰ ਸੇਵਾ ਪ੍ਰਧਾਨ ਨੂੰ ਮਾਰਨ ਦੀ ਸਾਜ਼ਿਸ਼ ਰਚੀ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਇਨ੍ਹਾਂ ਤਿੰਨਾਂ ਤੋਂ ਇਲਾਵਾ ਹੋਰ ਲੋਕ ਵੀ ਕਤਲ ਦੀ ਸਾਜ਼ਿਸ਼ ਵਿੱਚ ਸ਼ਾਮਲ ਹਨ। ਉੱਤਰਾਖੰਡ ਪੁਲੀਸ ਨੇ ਕਿਹਾ ਕਿ ਉਹ ਮਾਮਲੇ ਦੀ ਬਹੁਤ ਬਾਰੀਕੀ ਨਾਲ ਜਾਂਚ ਕਰ ਰਹੀ ਹੈ ਅਤੇ ਮੁਲਜ਼ਮਾਂ ਦੀ ਭਾਲ ਵਿੱਚ ਉੱਤਰ ਪ੍ਰਦੇਸ਼ ਅਤੇ ਪੰਜਾਬ ਵਿੱਚ ਛਾਪੇਮਾਰੀ ਕਰ ਰਹੀ ਹੈ।



# ਨੌਜਵਾਨ ਨੇ ਮਾਂ, ਭਰਜਾਈ ਤੇ ਭਤੀਜੇ ਦਾ ਕੀਤਾ ਕਤਲ

ਚੇਤਨਪੁਰਾ-ਅਜਨਾਲਾ ਤਹਿਸੀਲ ਅਧੀਨ ਪੈਂਦੇ ਪਿੰਡ ਕੰਦੋਵਾਲੀ ਵਿੱਚ ਬੀਤੀ ਰਾਤ ਇੱਕ ਨੌਜਵਾਨ ਨੇ ਸੁੱਤੀ ਪਈ ਆਪਣੀ ਮਾਤਾ, ਭਰਜਾਈ ਅਤੇ ਦੋ ਸਾਲ ਦੇ ਭਤੀਜੇ ਦਾ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ। ਘਟਨਾ ਮਗਰੋਂ ਉਹ ਥਾਣਾ ਝੰਡੇਰ ਪਹੁੰਚਿਆ ਅਤੇ ਪੁਲੀਸ ਕੋਲ ਆਤਮਸਮਰਪਣ ਕਰ ਦਿੱਤਾ। ਸੂਚਨਾ ਮਿਲਣ ਮਗਰੋਂ ਡੀਐੱਸਪੀ ਤਜਿੰਦਰਪਾਲ ਸਿੰਘ ਤੇ ਥਾਣਾ ਝੰਡੇਰ ਦੇ ਐੱਸਐੱਚਓ ਦਵਿੰਦਰ ਸਿੰਘ ਘਟਨਾ ਸਥਾਨ 'ਤੇ ਪੁੱਜੇ ਅਤੇ ਜਾਂਚ ਸ਼ੁਰੂ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਮੁਲਜ਼ਮ ਦੀ ਪਛਾਣ ਅੰਮ੍ਰਿਤਪਾਲ ਸਿੰਘ ਵਜੋਂ ਹੋਈ ਹੈ। ਉਹ ਅੱਜ ਸਵੇਰੇ ਥਾਣੇ ਪੁੱਜਿਆ ਸੀ ਅਤੇ ਇਸ ਸਾਰੀ ਘਟਨਾ ਬਾਰੇ ਦੱਸਿਆ ਸੀ। ਜਦੋਂ ਪੁਲੀਸ ਪਾਰਟੀ ਉਸ ਨੂੰ ਲੈ ਕੇ ਪਿੰਡ ਪੁੱਜੀ ਤਾਂ ਉਸ ਦੀ ਮਾਤਾ ਮਨਬੀਰ ਕੌਰ ਪਤਨੀ ਸਰਬਜੀਤ ਸਿੰਘ, ਭਰਜਾਈ ਅਰਵੀਤ ਕੌਰ ਪਤਨੀ ਪ੍ਰਿਤਪਾਲ ਸਿੰਘ ਤੇ ਭਤੀਜੇ ਸਮਰੱਥ ਸਿੰਘ ਪੁੱਤਰ ਪ੍ਰਿਤਪਾਲ ਸਿੰਘ ਦੀਆਂ ਲਾਸ਼ਾਂ ਅੰਦਰ ਮੰਜਿਆਂ 'ਤੇ ਪਈਆਂ ਸਨ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਪਤਾ ਚੱਲਿਆ ਕਿ ਪਰਿਵਾਰ ਦਾ ਕਾਫ਼ੀ ਸਮੇਂ ਤੋਂ ਘਰੇਲੂ ਕਲੇਸ਼ ਚੱਲਦਾ ਆ ਰਿਹਾ ਸੀ। ਉਕਤ ਨੌਜਵਾਨ ਨਸ਼ੇ ਦਾ ਆਦੀ ਵੀ ਦੱਸਿਆ ਜਾ ਰਿਹਾ ਹੈ। ਪੁਲੀਸ ਨੇ ਥਾਣਾ ਝੰਡੇਰ ਵਿੱਚ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰਕੇ ਕਤਲਕਾਂਡ ਸਮੇਂ ਵਰਤਿਆ ਗਿਆ ਦਾਤਰ ਵੀ ਬਰਾਮਦ ਕੀਤਾ ਹੈ। ਪੁਲੀਸ ਨੇ ਪੋਸਟਮਾਰਟਮ ਲਈ ਲਾਸ਼ਾਂ ਨੂੰ ਅਜਨਾਲਾ ਦੇ ਸਿਵਲ ਹਸਪਤਾਲ ਵਿੱਚ ਭੇਜ ਦਿੱਤਾ ਹੈ। ਉਧਰ, ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਦਾ ਪਿਤਾ ਸਾਬਕਾ ਫੌਜੀ ਹੈ। ਉਹ ਇਸ ਸਮੇਂ ਛੱਤੀਸਗੜ੍ਹ ਪੁਲੀਸ ਵਿੱਚ ਤਾਇਨਾਤ ਹੈ ਜਦੋਂਕਿ ਉਸ ਦਾ ਭਰਾ ਪ੍ਰਿਤਪਾਲ ਦੁਬਈ ਵਿੱਚ ਡਰਾਈਵਰੀ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ ਨੌਜਵਾਨ ਦੀ ਪਤਨੀ ਤੇ ਬੱਚੇ ਪੇਕੇ ਗਏ ਹੋਏ ਹਨ ਜਿਸ ਕਾਰਨ ਉਨ੍ਹਾਂ ਦਾ ਬਚਾਅ ਹੋ ਗਿਆ।



# ਸਾਬਕਾ ਮੰਤਰੀ ਗਰਚਾ ਦੀ ਹੋਈ ਅਕਾਲੀ ਦਲ 'ਚ ਘਰ ਵਾਪਸੀ

ਲੁਧਿਆਣਾ-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਜਗਦੀਸ਼ ਸਿੰਘ ਗਰਚਾ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸ੍ਰੀ ਗਰਚਾ ਦੀ ਗੁਰਦੇਵ ਨਗਰ ਸਥਿਤ ਰਿਹਾਇਸ਼ ਵਿੱਚ ਸਮਾਗਮ ਹੋਇਆ। ਇਸ ਮੌਕੇ ਜਗਦੀਸ਼ ਸਿੰਘ ਗਰਚਾ ਨੇ ਘਰ ਵਾਪਸੀ ਦਾ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਦੇ ਹਿੱਤ ਸਿਰਫ਼ ਅਤੇ ਸਿਰਫ਼ ਅਕਾਲੀ ਦਲ ਦੇ ਹੱਥਾਂ ਵਿੱਚ ਹੀ ਸੁਰੱਖਿਅਤ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇੱਥੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨਾਲ ਬੰਦ ਕਮਰਾ ਮੀਟਿੰਗ ਕਰਕੇ ਲੁਧਿਆਣਾ ਲੋਕ ਸਭਾ ਸੀਟ ਲਈ ਸਾਂਝੇ ਉਮੀਦਵਾਰ ਬਾਰੇ ਗੱਲਬਾਤ ਕੀਤੀ। ਇਸ ਮੌਕੇ ਗੱਲਬਾਤ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜਲਦ ਹੀ ਸਾਰੀਆਂ ਸੀਟਾਂ 'ਤੇ ਪਾਰਟੀ ਵੱਲੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਜਾਵੇਗਾ ਅਤੇ ਇਸ ਵਾਰ ਸ਼੍ਰੋਮਣੀ ਅਕਾਲੀ ਦਲ ਵੱਡੀ ਜਿੱਤ ਦਰਜ ਕਰੇਗਾ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵੇਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਆਗਾਮੀ ਚੋਣਾਂ ਵਿਚ ਬੀਸੀ ਯੂਨਾਈਟਿਡ ਨੇ ਡੇਵ ਸਿੱਧੂ ਨੂੰ ਐਬਸਫੋਰਡ ਵੈਸਟ ਲਈ ਉਮੀਦਵਾਰ ਐਲਾਨਿਆ

ਸਰੀ (ਹਰਦਮ ਮਾਨ)-ਬੀਸੀ ਯੂਨਾਈਟਿਡ ਨੇ ਐਬਸਫੋਰਡ ਸਿਟੀ ਕੌਂਸਲ ਦੇ ਮੌਜੂਦਾ ਕੌਂਸਲਰ ਡੇਵ ਸਿੱਧੂ ਨੂੰ ਆਗਾਮੀ ਸੂਬਾਈ ਚੋਣਾਂ ਵਿੱਚ ਐਬਸਫੋਰਡ ਵੈਸਟ ਲਈ ਉਮੀਦਵਾਰ ਐਲਾਨਿਆ ਹੈ। ਇਹ ਐਲਾਨ ਕਰਦਿਆਂ ਬੀ ਸੀ ਯੂਨਾਈਟਿਡ ਦੇ ਪ੍ਰਧਾਨ ਕੇਵਿਨ ਫਾਲਕਨ ਨੇ ਕਿਹਾ ਕਿ ਡੇਵ ਸਿੱਧੂ ਕੋਲ ਆਪਣੇ ਭਾਈਚਾਰੇ ਦੀ ਅਗਵਾਈ ਕਰਨ ਦਾ ਸ਼ਾਨਦਾਰ ਰਿਕਾਰਡ ਹੈ। ਐਬਸਫੋਰਡ ਵੈਸਟ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਨ ਲਈ ਉਹ ਇਕ ਆਦਰਸ਼ ਉਮੀਦਵਾਰ ਹੈ। ਉਨ੍ਹਾਂ ਕਿਹਾ ਕਿ ਬੀਸੀ ਯੂਨਾਈਟਿਡ ਡੇਵ ਵਰਗੇ ਸਟਾਰ ਉਮੀਦਵਾਰਾਂ ਨੂੰ ਮੈਦਾਨ ਵਿਚ ਉਤਾਰੇਗੀ, ਜੋ ਐਨਡੀਪੀ ਦੀਆਂ ਕਥਿਤ ਅਸਫਲ ਨੀਤੀਆਂ ਕਾਰਨ ਪੈਦਾ ਹੋਏ ਸਾਰੇ ਦਬਾਅ ਵਾਲੇ ਮੁੱਦਿਆਂ ਨੂੰ ਬਾਖੂਬੀ ਨਜਿੱਠਣਗੇ। ਇਸ ਮੌਕੇ ਬੋਲਦਿਆਂ ਡੇਵ ਸਿੱਧੂ ਨੇ ਕਿਹਾ ਕਿ ਉਹ ਐਬਸਫੋਰਡ ਵੈਸਟ ਖੇਤਰ ਵਿਚ ਵਿਕਾਸ ਕਰਨ, ਰਿਹਾਇਸ਼ ਅਤੇ ਰਹਿਣ-ਸਹਿਣ ਦੀਆਂ ਸਮੱਸਿਆਵਾਂ ਹੱਲ ਕਰਨ, ਐਬਸਫੋਰਡ ਹਸਪਤਾਲ ਦੇ ਵਿਸਥਾਰ, ਟਰੱਕ ਡਰਾਈਵਰਾਂ ਲਈ ਪਾਰਕਿੰਗ ਦਾ ਹੱਲ ਲੱਭਣ, ਜੁਰਮ ਰੋਕਣ ਅਤੇ ਸਥਾਨਕ ਕਾਰੋਬਾਰੀਆਂ ਲਈ ਸਹਾਇਤਾ ਪ੍ਰਦਾਨ ਕਰਨ ਵਰਗੀਆਂ ਅਸਲ ਚੁਣੌਤੀਆਂ ਦੇ ਨਾਲ ਨਾਲ ਪੂਰੇ ਬ੍ਰਿਟਿਸ਼ ਕੋਲੰਬੀਆ ਵਿੱਚ ਸਕੂਲੀ ਪੋਸ਼ਣ ਪ੍ਰੋਗਰਾਮਾਂ ਨੂੰ ਨਵਿਆਉਣ,



ਵਪਾਰਕ ਖੇਤਰ ਨੂੰ ਵਧਾਉਣ ਅਤੇ ਨਾਜ਼ੁਕ ਖੇਤੀਬਾੜੀ ਸੈਕਟਰ ਨੂੰ ਦਰਪੇਸ਼ ਚੁਣੌਤੀਆਂ ਨੂੰ ਹੱਲ ਕਰਨ ਲਈ ਆਪਣੀ ਪੂਰੀ ਵਾਹ ਲਾਉਣਗੇ। ਜ਼ਿਕਰਯੋਗ ਹੈ ਕਿ ਐਬਸਫੋਰਡ ਵਿੱਚ ਜੰਮੇ ਪਲੇ ਡੇਵ ਸਿੱਧੂ ਵਿਚ ਭਾਈਚਾਰੇ ਦੀ ਸੇਵਾ ਕਰਨ ਦਾ ਅਥਾਹ ਜਜ਼ਬਾ ਹੈ। ਉਨ੍ਹਾਂ ਐਬਸਫੋਰਡ ਰੀਜਨਲ ਹਸਪਤਾਲ ਅਤੇ ਕੈਂਸਰ ਸੈਂਟਰ, ਐਬਸਫੋਰਡ ਪੁਲਿਸ ਫਾਊਂਡੇਸ਼ਨ, ਸਾਲਵੇਸ਼ਨ ਆਰਮੀ ਅਤੇ ਦਿ ਆਰਚਵੇ ਫੂਡ ਬੈਂਕ ਲਈ ਫੰਡ ਇਕੱਠਾ ਕਰਨ ਦੇ ਕਾਰਜ ਵਿਚ ਯੋਗ ਅਗਵਾਈ ਕੀਤੀ ਹੈ। ਕਮਿਊਨਿਟੀ ਸੇਵਾ ਲਈ ਉਨ੍ਹਾਂ ਨੂੰ ਰੋਟਰੀ ਇੰਟਰਨੈਸ਼ਨਲ ਕਲੱਬ ਤੋਂ ਵੱਕਾਰੀ ਪਾਲ ਹੈਰਿਸ ਫੈਲੋਸ਼ਿਪ ਮਾਨਤਾ ਸਮੇਤ ਕਈ ਸਨਮਾਨ ਹਾਸਲ ਹੋਏ ਹਨ। ਉਨ੍ਹਾਂ ਕੋਲ ਐਬਸਫੋਰਡ ਚੈਂਬਰ ਆਫ ਕਾਮਰਸ ਦੇ ਡਾਇਰੈਕਟਰ ਵਜੋਂ ਕੰਮ ਕਰਨ ਅਤੇ ਐਬਸਫੋਰਡ ਬਿਜ਼ਨਸ ਕਮਿਊਨਿਟੀ ਕੋਲੀਜ਼ਨ ਵਰਗੀਆਂ ਸੰਸਥਾਵਾਂ ਵਿੱਚ ਹਿੱਸਾ ਲੈਣ ਅਤੇ ਆਰਥਿਕ ਵਿਕਾਸ ਦਾ ਵਿਸ਼ਾਲ ਤਜਰਬਾ ਹੈ।




## ਅਲਬਰਟਾ 'ਚ ਕਾਰਬਨ ਟੈਕਸ ਹਾਈਵੇਅ ਵਿਰੋਧ ਪ੍ਰਦਰਸ਼ਨ ਕਾਰਨ ਕਈ ਮੋਟਰ ਗੱਡੀਆਂ ਦੀ ਹੋਈ ਦੁਰਘਟਨਾ

ਐਡਮਿੰਟਨ-ਅਲਬਰਟਾ ਵਿਚ ਪੁਲਿਸ ਨੇ ਦੱਸਿਆ ਕਿ ਸੜਕ ਕਿਨਾਰੇ ਕਾਰਬਨ ਟੈਕਸ ਵਿਰੁੱਧ ਮੁਜ਼ਾਹਰੇ ਦੇ ਬਾਵਜੂਦ ਉਹ ਟਰਾਂਸ ਕੈਨੇਡਾ ਹਾਈਵੇਅ 'ਤੇ ਆਵਾਜਾਈ ਨੂੰ ਜਾਰੀ ਰੱਖ ਰਹੇ ਹਨ ਅਤੇ ਕਿਹਾ ਕਿ ਪੰਜ ਵੱਡੇ ਖੇਤੀ ਟਰੈਕਟਰਾਂ ਪਹਿਲਾਂ ਹੀ ਕਈ ਮੋਟਰ ਗੱਡੀਆਂ ਦੇ ਹਾਦਸੇ ਦਾ ਕਾਰਨ ਬਣ ਚੁੱਕੇ ਹਨ। ਮੁਜ਼ਾਹਰਾਕਾਰੀਆਂ ਨੇ ਫੈਡਰਲ ਕਾਰਬਨ ਟੈਕਸ ਵਿਚ ਨਿਰਧਾਰਤ ਵਾਧੇ ਦੇ ਵਿਰੋਧ ਵਿਚ ਕੈਲਗਰੀ ਦੇ ਪੱਛਮ ਵਾਲੇ ਪਾਸੇ ਟਰਾਂਸ-ਕੈਨੇਡਾ ਹਾਈਵੇਅ 'ਤੇ ਆਵਾਜਾਈ ਹੌਲੀ ਕਰ ਦਿੱਤੀ। ਟੈਕਸ ਕਾਰਨ ਪੰਪਾਂ 'ਤੇ ਗੈਸ ਦੀਆਂ ਕੀਮਤਾਂ ਤਿੰਨ ਸੈਂਟ ਪ੍ਰਤੀ ਲਿਟਰ ਵੱਧ ਗਈਆਂ ਹਨ। ਮੁਜ਼ਾਹਰਾ ਲਗਾਤਾਰ ਜਾਰੀ ਹੈ ਪਰ ਪੁਲਿਸ ਨੇ ਕਿਹਾ ਕਿ ਆਵਾਜਾਈ ਚਲ ਰਹੀ ਹੈ ਕਿਉਂਕਿ ਮੁਜ਼ਾਹਰਾਕਾਰੀਆਂ ਨੂੰ ਸੜਕ ਦੇ ਕਿਨਾਰੇ ਤੋਂ ਦੂਰ ਰੱਖਿਆ ਜਾ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਕਰਾਊਨਸੈਂਟ ਪਾਸ ਵਿਚ ਕਾਰਬਨ ਲੇਵੀ ਮੁਜ਼ਾਹਰੇ ਕਾਰਨ ਕਈ ਮੋਟਰ ਗੱਡੀਆਂ ਦੀ ਟੱਕਰ ਹੋ ਗਈ ਕਿਉਂਕਿ ਪੰਜ ਵੱਡੇ ਖੇਤੀ ਟਰੈਕਟਰਾਂ ਨੇ ਪੁਲਿਸ ਦੇ ਇਸ਼ਾਰੇ 'ਤੇ ਰੁਕਣ ਤੋਂ ਇਨਕਾਰ ਕਰ ਦਿੱਤਾ। ਪ੍ਰੀਮੀਅਰ ਡੈਨੀਅਲ ਸਮਿਥ ਨੇ ਕੈਲਗਰੀ ਵਿਚ ਸਾਰੇ ਮੁਜ਼ਾਹਰਾਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਪ੍ਰਦਰਸ਼ਨਾਂ ਨੂੰ ਕਾਨੂੰਨੀ ਘੇਰੇ ਵਿਚ ਰੱਖਣ। ਸਮਿਥ ਨੇ ਕਿਹਾ ਕਿ ਉਹ ਆਵਾਜਾਈ ਰੋਕਣ ਦਾ ਸਮਰਥਨ ਨਹੀਂ ਕਰਦੀ। ਤੁਸੀਂ ਮੁਜ਼ਾਹਰਾ ਕਰ ਸਕਦੇ ਹੋ ਪਰ ਸੜਕ ਦੇ ਕਿਨਾਰੇ ਕਰੋ। ਵਸਤਾਂ ਦੀ ਢੋਆ-ਢੁਆਈ ਵਿਚ ਵਿਘਨ ਨਾ ਪਾਉ। ਆਪਣੇ ਗੁਆਂਢੀਆਂ ਦੇ ਆਉਣ ਜਾਣ ਵਿਚ ਦਖ਼ਲ ਨਾ ਦਿਉ। ਸਮਿਥ ਨੇ ਕਿਹਾ ਕਿ ਉਹ ਇਹ ਫ਼ੈਸਲਾ ਪੁਲਿਸ 'ਤੇ ਛੱਡ ਦੇਵੇਗੀ ਕਿ ਜੇਕਰ ਰੱਖਿਆ ਐਕਟ ਦੀ ਵਰਤੋਂ ਕਰਨੀ ਪਈ ਤਾਂ ਕਦੋਂ ਕਰਨੀ ਹੈ।








# ਵੈਨਕੂਵਰ ਵਿਚਾਰ ਮੰਚ ਵੱਲੋਂ ਜਗਜੀਤ ਸੰਧੂ ਦੇ ਕਾਵਿ-ਸੰਗ੍ਰਹਿ 'ਤਾਪਸੀ' ਉੱਪਰ ਵਿਚਾਰ ਗੋਸ਼ਟੀ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨੀਂ ਪੰਜਾਬੀ ਸ਼ਾਇਰ ਜਗਜੀਤ ਸੰਧੂ ਦੀ ਪੁਸਤਕ 'ਤਾਪਸੀ' ਉੱਪਰ ਵਿਚਾਰ ਗੋਸ਼ਟੀ ਕਰਵਾਈ ਗਈ। ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਵਿਹੜੇ ਵਿੱਚ ਕਰਵਾਏ ਗਏ ਇੱਕ ਸਮਾਗਮ ਵਿੱਚ ਵੱਖ-ਵੱਖ ਵਿਦਵਾਨਾਂ ਅਤੇ ਸਾਹਿਤਕਾਰਾਂ ਨੇ ਇਸ ਪੁਸਤਕ ਉਪਰ ਚਰਚਾ ਕੀਤੀ। ਸਮਾਗਮ ਦੀ ਪ੍ਰਧਾਨਗੀ ਜਗਜੀਤ ਸੰਧੂ, ਡਾ. ਹਰਜੋਤ ਕੌਰ ਖਹਿਰਾ ਅਤੇ ਜਸ਼ਨਪ੍ਰੀਤ ਕੌਰ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਮੋਹਨ ਗਿੱਲ ਨੇ ਸਮਾਗਮ ਦੀ ਰੂਪਰੇਖਾ ਅਤੇ ਤਾਪਸੀ ਦੇ ਲੇਖਕ ਬਾਰੇ ਸੰਖੇਪ ਜਾਣਕਾਰੀ ਦਿੱਤੀ।

ਪੁਸਤਕ ਉੱਪਰ ਪਹਿਲਾ ਪਰਚਾ ਡਾ. ਹਰਜੋਤ ਕੌਰ ਖਹਿਰਾ ਵੱਲੋਂ ਪੜ੍ਹਿਆ ਗਿਆ। ਡਾ. ਖਹਿਰਾ ਨੇ ਕਿਹਾ ਕਿ ਇਸ ਪੁਸਤਕ ਵਿਚਲੀ ਸਾਰੀ ਕਵਿਤਾ ਸਮਾਜ ਦੇ ਦੋਹਾਂ ਧੁਰਿਆਂ (ਔਰਤ ਅਤੇ ਮਰਦ) ਉੱਪਰ ਅਧਾਰਿਤ ਹੈ। ਇਸ ਵਿਚ ਇੱਕ ਪਾਸੜ ਨਹੀਂ, ਦੋਵੇਂ ਹੀ ਕਿਰਦਾਰਾਂ ਦੀਆਂ ਪ੍ਰਸਥਿਤੀਆਂ ਨੂੰ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ। ਪੁਸਤਕ ਵਿਚਲੀਆਂ ਕਵਿਤਾਵਾਂ ਦੇ ਸਾਰੇ ਸਿਰਲੇਖ ਸੰਵਾਦ ਕਰਦੇ ਹਨ। ਬਹੁਤੀਆਂ ਕਵਿਤਾਵਾਂ ਪਤੀ ਪਤਨੀ ਦੇ ਸਰੀਰਕ ਸੰਬੰਧਾਂ ਨੂੰ ਬਿਆਨ ਕਰਦੀਆਂ ਹਨ ਪਰ ਇਨ੍ਹਾਂ ਵਿਚ ਜ਼ਿਆਦਾਤਰ ਸੈਕਸ ਸ਼ੋਸ਼ਣ ਵਧੇਰੇ ਨਜ਼ਰ ਆਉਂਦਾ ਹੈ। ਇਹ ਕਾਵਿ ਸੰਗ੍ਰਹਿ ਸੁਪਨਾ, ਹਕੀਕਤ ਅਤੇ ਸਮਾਜ ਦੇ ਆਲੇ ਦੁਆਲੇ ਘੁੰਮਦਾ ਹੈ।

ਜਸ਼ਨਪ੍ਰੀਤ ਕੌਰ ਵੱਲੋਂ ਪੇਸ਼ ਕੀਤੇ ਗਏ ਦੂਜੇ ਪਰਚੇ ਵਿੱਚ ਉਹਨਾਂ ਕਿਹਾ ਕਿ ਇਹ ਕਵਿਤਾਵਾਂ ਔਰਤ ਦੀ ਜਿਸਮੀ ਖ਼ੂਬਸੂਰਤੀ ਨਾਲੋਂ ਔਰਤ ਦੇ ਬੌਧਿਕ ਪੱਖ ਦੀ ਵਧੇਰੇ ਗੱਲ ਕਰਦੀਆਂ ਹਨ ਜੋ ਕਿ ਬਹੁਤ ਵਧੀਆ ਗੱਲ ਹੈ। ਕੁਝ ਕਵਿਤਾਵਾਂ ਵਿੱਚ ਆਦਮੀ ਦੇ ਨਜ਼ਰੀਏ ਤੋਂ ਲਿਖੀ ਗਈ ਨਾਰੀਵਾਦੀ ਕਵਿਤਾ ਬਹੁਤ ਡੂੰਘਾਈ ਤੇ ਮਨੋਵਿਗਿਆਨਕ ਸੂਝ ਬੂਝ ਨਾਲ ਪੇਸ਼ ਕੀਤੀ ਗਈ ਹੈ। ਉਹਨਾਂ ਇਹ ਵੀ ਕਿਹਾ ਕਿ ਔਰਤ ਨੂੰ ਮੁੱਖ ਰੱਖ ਕੇ ਕਵਿਤਾ ਲਿਖਣ ਵੇਲੇ ਔਰਤ ਨੂੰ ਆਦਮੀ ਤੋਂ ਆਜ਼ਾਦ ਕਰਕੇ ਵੇਖਣਾ ਦੀ ਲੋੜ ਹੈ ਕਿ ਉਸ ਦੀ ਆਪਣੀ ਕੀ ਸਥਿਤੀ ਹੈ, ਉਹ ਕਿੱਥੇ ਖੜ੍ਹੀ ਹੈ ਤੇ ਉਹਦਾ ਕੀ ਮੰਤਵ ਹੈ ਅਤੇ ਅਜਿਹੇ ਕੁਝ ਸ਼ਬਦਾਂ ਅਤੇ ਆਦਤਾਂ ਤੋਂ ਬਚਣਾ ਚਾਹੀਦਾ ਹੈ ਜੋ ਆਦਮੀ ਤੇ ਔਰਤ ਵਿਚਕਾਰ ਪਾੜਾ ਵਧਾ ਰਹੇ ਹਨ।

ਤੀਜਾ ਪਰਚਾ ਕੈਲਗਰੀ ਤੋਂ ਸਰਬਜੀਤ ਕੌਰ ਜਵੰਦਾ ਦਾ ਲਿਖਿਆ ਹੋਇਆ ਸੀ ਜਿਸ ਨੂੰ ਜਗਜੀਤ ਸੰਧੂ ਨੇ ਹੀ ਪੜ੍ਹ ਕੇ ਸੁਣਾਇਆ। ਸਰਬਜੀਤ ਕੌਰ ਜਵੰਦਾ ਦਾ ਕਹਿਣਾ ਸੀ ਕਿ ਇਸ ਪੁਸਤਕ ਵਿੱਚ ਵਿਚਲੀਆਂ ਕਵਿਤਾਵਾਂ ਆਪਣਾ ਨਿਵੇਕਲਾ ਭਾਸ਼ਾ ਵਿਆਕਰਨ ਉਸਾਰਦੀਆਂ ਹਨ। ਇਹ ਸਾਰੀਆਂ ਕਵਿਤਾਵਾਂ ਬੇਹੱਦ ਸੂਖ਼ਮ ਭਾਵਾਂ ਦੀ ਸ਼ਬਦਾਂ ਰਾਹੀਂ ਸਹਿਜ ਪੇਸ਼ਕਾਰੀ ਕਰਦੀਆਂ ਹਨ। ਇਹਨਾਂ ਕਵਿਤਾਵਾਂ ਰਾਹੀਂ 'ਤਾਪਸੀ' ਦੇ ਤਾਪ ਦਾ ਅਹਿਸਾਸ ਕਰਨ ਲਈ ਤੁਹਾਨੂੰ ਔਰਤ ਹੋਣਾ ਪਵੇਗਾ।

ਨਾਮਵਰ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਜਗਜੀਤ ਸੰਧੂ ਦੀ ਕਵਿਤਾ ਪੰਜਾਬੀ ਕਵਿਤਾ ਨਾਲੋਂ ਬਿਲਕੁਲ ਹਟਵੀਂ ਹੈ। ਇਸ ਨੂੰ ਵਿਆਖਿਆ ਦੀ ਲੋੜ ਨਹੀਂ ਸਗੋਂ ਇਹ ਕਵਿਤਾ ਵਿਚਾਰਨ ਅਤੇ ਮਾਨਣ ਵਾਲੀ ਹੈ। ਸਵਰਨਜੀਤ ਸਵੀ ਵੱਲੋਂ ਇਸ ਪੁਸਤਕ ਵਿੱਚ ਕੀਤੀ ਗਈ ਚਿੱਤਰਕਾਰੀ ਵੀ ਬਹੁਤ ਕਮਾਲ ਦੀ ਹੈ। ਪੁਸਤਕ ਉੱਪਰ ਪ੍ਰਸਿੱਧ ਸ਼ਾਇਰ ਅਜਮੇਰ ਰੋਡੇ ਅਤੇ ਸੁਰਜੀਤ ਕਲਸੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਮੀਨੂ ਬਾਬਾ ਨੇ ਪੁਸਤਕ ਵਿਚਲੇ ਇੱਕ ਗੀਤ ਨੂੰ ਆਪਣੀ ਸੁਰੀਲੀ ਆਵਾਜ਼ ਰਾਹੀਂ ਪੇਸ਼ ਕੀਤਾ। ਅੰਤ ਵਿੱਚ ਸਟੇਜ ਸੰਚਾਲਨ ਕਰ ਰਹੇ ਮੰਚ ਦੇ ਸਕੱਤਰ ਮੋਹਨ ਗਿੱਲ ਨੇ ਸਾਰੇ ਵਿਦਵਾਨਾਂ ਅਤੇ ਸਮਾਗਮ ਵਿੱਚ ਹਾਜ਼ਰ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।









UNI GLOBAL IMMIGRATION
CONSULTING SERVICES LTD.
*Your Dream......Our Passion*
**For All Your Immigration Related Needs**
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜ਼ਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com


KULDIP S PANESAR
Senior Mortgage Advisor
Cell: 604-308-6839

## ਅਲਬਰਟਾ ਵਿਚ ਦੋ ਵੱਡੇ ਕੁੱਤਿਆਂ ਨੇ ਨੋਚ-ਨੋਚ ਕੇ 11 ਸਾਲਾ ਲੜਕਾ ਮਾਰ ਦਿੱਤਾ

ਐਡਮਿੰਟਨ-ਇਥੇ ਇਕ ਘਰ ਵਿਚ ਦੋ ਤਾਜ਼ਾ ਹਮਲਿਆਂ ਕਾਰਨ ਪਸ਼ੂ ਕੰਟਰੋਲ ਅਫਸਰਾਂ ਨੂੰ ਬੁਲਾਇਆ ਗਿਆ ਸੀ ਜਿਥੇ ਦੋ ਵੱਡੇ ਕੁੱਤਿਆਂ ਨੇ ਇਕ 11 ਸਾਲਾ ਲੜਕੇ ਨੂੰ ਨੋਚ-ਨੋਚ ਕੇ ਮਾਰ ਦਿੱਤਾ। ਸ਼ਹਿਰ ਦੇ ਦੱਖਣ ਵਿਚ ਇਕ ਘਰ ਵਿਖੇ ਤਾਜ਼ਾ ਹਮਲੇ ਦੀ ਜਾਣਕਾਰੀ ਮਿਲਣ ਪਿੱਛੋਂ ਪੁਲਿਸ ਮੌਕੇ 'ਤੇ ਪੁੱਜੀ। ਉਨ੍ਹਾਂ ਦੱਸਿਆ ਕਿ ਕੁੱਤਿਆਂ ਦੇ ਹਮਲੇ ਵਿਚ ਲੜਕਾ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ ਅਤੇ ਅਧਿਕਾਰੀਆਂ ਨੇ ਪੈਰਾਮੈਡਿਕਸ ਦੇ ਪਹੁੰਚਣ ਤਕ ਜੀਵਨ ਬਚਾਉਣ ਦੇ ਉਪਾਅ ਕੀਤੇ। ਲੜਕੇ ਨੂੰ ਮੌਕੇ 'ਤੇ ਮ੍ਰਿਤਕ ਐਲਾਨਿਆਂ ਗਿਆ। ਕੁੱਤਿਆਂ ਦਾ ਮਾਲਕ ਉਸੇ ਘਰ ਵਿਚ ਰਹਿੰਦਾ ਸੀ ਜਿਥੇ ਲੜਕਾ ਆਇਆ ਹੋਇਆ ਸੀ। ਪੁਲਿਸ ਨੇ ਕੁੱਤਿਆਂ ਦੀ ਨਸਲ ਦੀ ਜਾਣਕਾਰੀ ਤਾਂ ਨਹੀਂ ਦਿੱਤੀ ਪਰ ਕਿਹਾ ਕਿ ਕੁੱਤੇ ਬਹੁਤ ਵੱਡੇ ਸਨ। ਲੜਕੇ ਦੀ ਮੌਤ ਪਿੱਛੋਂ ਕੁੱਤਿਆਂ ਨੂੰ ਕਾਬੂ ਕਰ ਲਿਆ। ਮੌਜੂਦਾ ਸਮੇਂ ਉਹ ਐਨੀਮਲ ਕੇਅਰ ਐਂਡ ਕੰਟਰੋਲ ਸੈਂਟਰ ਕੋਲ ਹਨ।

## ਨਿਊਟਨ ਵਿਚ ਸਰੀ ਦੀ ਵਿਸਾਖੀ ਪਰੇਡ 20 ਨੂੰ



ਸਰੀ-20 ਅਪ੍ਰੈਲ ਨੂੰ ਸਰੀ ਦੀ ਸਾਲਾਨਾ ਵਿਸਾਖੀ ਪਰੇਡ ਦੌਰਾਨ ਨਿਊਟਨ ਦੀਆਂ ਸੜਕਾਂ ਜੋ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਗੂੰਜਣਗੀਆਂ। ਸਾਲਾਨਾ ਖਾਲਸਾ ਦਿਵਸ ਸਮਾਗਮ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਸੰਗਤ ਜੁੜਦੀ ਹੈ ਅਤੇ ਖਾਲਸਾ ਦਿਵਸ ਪ੍ਰੇਡ 12885 85 ਐਵੀਨਿਊ ਵਿਚ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਤੋਂ ਸ਼ੁਰੂ ਹੁੰਦੀ ਹੈ। ਨਗਰ ਕੀਰਤਨ ਜਿਸ ਨੂੰ ਖਾਲਸਾ ਦਿਵਸ ਪਰੇਡ ਕਿਹਾ ਜਾਂਦਾ ਹੈ ਸਵੇਰ 9.30 ਵਜੇ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਵੇਗਾ ਅਤੇ ਇਹ 124 ਸਟ੍ਰੀਟ ਤੋਂ 75 ਐਵੀਨਿਊ ਅਤੇ 76 ਐਵੀਨਿਊ ਅਤੇ 128 ਸਟ੍ਰੀਟ ਤੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਵੇਗਾ। ਨਗਰ ਕੀਰਤਨ ਕਾਰਨ 20 ਅਪਰੈਲ ਨੂੰ ਸਵੇਰੇ 7.30 ਵਜੇ ਤੋਂ ਸ਼ਾਮ 5.00 ਵਜੇ ਤਕ ਨਗਰ ਕੀਰਤਨ ਦੇ ਰੂਟ ਵਾਲੀਆਂ ਸੜਕਾਂ ਆਮ ਆਵਾਜਾਈ ਲਈ ਬੰਦ ਰਹਿਣਗੀਆਂ।

# ਫੈਡਰਲ ਬਜਟ ਤੋਂ ਪਹਿਲਾਂ ਟਰੂਡੋ ਵਲੋਂ ਐਲਾਨਿਆਂ 6 ਅਰਬ ਡਾਲਰ ਦਾ ਹਾਊਸਿੰਗ ਪ੍ਰੋਗਰਾਮ ਕੁਝ ਸੂਬਿਆਂ ਵਲੋਂ ਰੱਦ

ਓਟਵਾ-ਫੈਡਰਲ ਸਰਕਾਰ ਦਾ ਕਹਿਣਾ ਕਿ ਉਹ ਘਰਾਂ ਦੀ ਉਸਾਰੀ ਲਈ ਲੋੜੀਂਦੇ ਬੁਨਿਆਦੀ ਢਾਂਚੇ ਲਈ ਭੁਗਤਾਨ ਕਰਨ ਵਾਸਤੇ ਅਰਬਾਂ ਡਾਲਰ ਦਾ ਫੰਡ ਸ਼ੁਰੂ ਕਰਨ ਜਾ ਰਹੀ ਹੈ ਅਤੇ ਜੇਕਰ ਕੋਈ ਸੂਬਾ ਸ਼ਰਤਾਂ 'ਤੇ ਇਤਰਾਜ਼ ਕਰਦਾ ਹੈ ਤਾਂ ਉਹ ਉਸ ਨੂੰ ਲਾਂਭੇ ਕਰਕੇ ਮਿਊਂਸਪਲਟੀਜ਼ ਨਾਲ ਸਿੱਧਾ ਲੈਣ ਦੇਣ ਕਰੇਗੀ। ਸਰਕਾਰ ਦੇ ਇਸ ਐਲਾਨ ਨੂੰ ਕਿਊਬਕ ਅਤੇ ਓਨਟਾਰੀਓ ਸਮੇਤ ਕੁਝ ਸੂਬਿਆਂ ਨੇ ਰੱਦ ਕਰ ਦਿੱਤਾ ਹੈ ਕਿਉਂਕਿ ਇਹ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਘੁਸਪੈਠ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਐਲਾਨੇ ਪ੍ਰੋਗਰਾਮ ਵਿਚ ਪੈਸੇ ਤਕ ਪਹੁੰਚ ਲਈ ਸੂਬਿਆਂ ਨੂੰ ਸ਼ਰਤਾਂ ਦੀ ਇਕ ਸੂਚੀ ਨਾਲ ਸਹਿਮਤ ਹੋਣਾ ਪਵੇਗਾ ਜਿਸ ਵਿਚ ਇਕੱਲਾ ਪਰਿਵਾਰ ਜ਼ੋਨਿੰਗ ਨੂੰ ਖਤਮ ਕਰਨਾ ਅਤੇ ਫੋਰਪਲੈਕਸਾਂ ਨੂੰ ਮੂਲ ਰੂਪ ਵਿਚ ਇਜਾਜ਼ਤ ਦੇਣਾ ਸ਼ਾਮਿਲ ਹੈ। ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਪਿਛਲੇ ਮਹੀਨੇ ਹੀ ਇਸ ਤਰ੍ਹਾਂ ਦੀ ਨੀਤੀ ਨੂੰ ਪਹਿਲਾਂ ਹੀ ਰੱਦ ਕਰ ਚੁੱਕੇ ਹਨ। ਪ੍ਰਧਾਨ ਮੰਤਰੀ ਟਰੂਡੋ ਨੂੰ ਪਿਛਲੇ ਸਮੇਂ ਵਿਚ ਮਕਾਨਾਂ ਨਾਲ ਸਬੰਧਤ ਦੂਸਰੀਆਂ ਨੀਤੀਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ ਜਿਸ ਵਿਚ ਹਾਊਸਿੰਗ ਐਕਸੀਲੇਟਰ ਫੰਡ ਸ਼ਾਮਿਲ ਹੈ ਜਿਹੜਾ ਮਿਊਂਸਪਲਟੀਆਂ 'ਤੇ ਇਸੇ ਤਰ੍ਹਾਂ ਦੀਆਂ ਸ਼ਰਤਾਂ ਲਾਗੂ ਕਰਦਾ ਹੈ ਅਤੇ ਪ੍ਰੀਮੀਅਰਾਂ ਨੇ ਸਥਾਨਕ ਸਰਕਾਰਾਂ ਨਾਲ ਸਿੱਧੇ ਲੈਣ ਦੇਣ ਕਰਨ ਤੋਂ ਓਟਵਾ ਨੂੰ ਰੋਕਣ ਲਈ ਕਾਨੂੰਨ ਦੀ ਵਰਤੋਂ ਦੀ ਧਮਕੀ ਦਿੱਤੀ ਸੀ।



ਮਕਾਨਾਂ ਨੂੰ ਲੈ ਕੇ ਸੰਭਾਵਤ ਅੜਿੱਕਾ ਵਧ ਰਿਹਾ ਹੈ ਕਿਉਂਕਿ ਪ੍ਰਧਾਨ ਮੰਤਰੀ ਖਪਤਕਾਰ ਕਾਰਬਨ ਟੈਕਸ 'ਤੇ ਇਤਰਾਜ਼ਾਂ ਨੂੰ ਲੈ ਕੇ ਬਹੁਤੇ ਪ੍ਰੀਮੀਅਰਾਂ ਨਾਲ ਲੜਾਈ ਲੜ ਰਹੇ ਹਨ। ਸਰਕਾਰ ਦਾ ਕਹਿਣਾ ਕਿ ਪ੍ਰੋਗਰਾਮ 6 ਅਰਬ ਡਾਲਰ ਤਕ ਦਾ ਹੋ ਸਕਦਾ ਹੈ ਅਤੇ ਪੰਜ ਅਰਬ ਡਾਲਰ ਸੂਬਿਆਂ ਲਈ ਉਪਲਬਧ ਹਨ ਅਤੇ ਬਾਕੀ ਪਾਣੀ, ਗੰਦੇ ਪਾਣੀ, ਸਟੌਰਮ ਵਾਟਰ ਅਤੇ ਠੋਸ ਰਹਿੰਦ-ਖੂੰਹਦ ਲਈ ਬੁਨਿਆਦੀ ਢਾਂਚਾ ਜਿਸ ਦੀ ਨਵੇਂ ਹਾਊਸਿੰਗ ਵਿਕਾਸ ਵਿਚ ਲੋੜ ਹੁੰਦੀ ਹੈ ਉਸਾਰਨ ਲਈ ਮਿਊਂਸਪਲਟੀਜ਼ ਲਈ ਰੱਖੇ ਗਏ ਹਨ। ਫੈਡਰਲ ਸਰਕਾਰ ਇਸ ਸਬੰਧੀ ਸਮਝੌਤਾ ਕਰਨ ਲਈ ਇਕ ਜਨਵਰੀ 2025 ਤਕ ਸੂਬਿਆਂ ਨੂੰ ਅਤੇ ਇਕ ਅਪ੍ਰੈਲ 2025 ਤਕ ਟੈਰੀਟਰੀਜ਼ ਨੂੰ ਸਮਾਂ ਦੇ ਰਹੀ ਹੈ। ਪ੍ਰਧਾਨ ਮੰਤਰੀ ਦੇ ਐਲਾਨ ਪਿੱਛੋਂ ਕਿਊਬਕ ਸਰਕਾਰ ਨੇ ਯੋਜਨਾ ਨੂੰ ਰੱਦ ਕਰ ਦਿੱਤਾ ਹੈ ਅਤੇ ਕੈਨੇਡੀਅਨ ਸਬੰਧਾਂ ਅਤੇ ਹਾਊਸਿੰਗ ਮਾਮਲਿਆਂ ਦੇ ਮੰਤਰੀਆਂ ਨੇ ਕਿਹਾ ਕਿ ਟਰੂਡੋ ਸਰਕਾਰ ਨੂੰ ਇਮੀਗ੍ਰੇਸ਼ਨ ਵਰਗੀ ਫੈਡਰਲ ਜ਼ਿੰਮੇਵਾਰੀ ਵਾਲੇ ਮੁੱਦਿਆਂ ਨੂੰ ਹੱਲ ਕਰਕੇ ਮਕਾਨਾਂ ਦੀ ਸਮੱਸਿਆ ਹੱਲ ਕਰਨੀ ਚਾਹੀਦੀ ਹੈ। ਨਿਊ ਬਰੰਸਵਿਕ ਦੇ ਪ੍ਰੀਮੀਅਰ ਬਲੇਨ ਹਿਗਸ ਨੇ ਕਿਹਾ ਕਿ ਉਸ ਨੂੰ ਕੋਈ ਹੈਰਾਨੀ ਨਹੀਂ ਹੋਈ ਕਿਉਂਕਿ ਫੰਡ ਦੇ ਨਾਲ ਸਾਰੀ ਤਰ੍ਹਾਂ ਦੀਆਂ ਸ਼ਰਤਾਂ ਹੋਣਗੀਆਂ। ਉਨ੍ਹਾਂ ਕਿਹਾ ਕਿ ਇਹ ਸ਼ਰਤ ਮੰਦਭਾਗੀ ਗੱਲ ਹੈ ਕਿ ਜੇਕਰ ਤੁਸੀਂ ਸਹਿਮਤ ਨਹੀਂ ਤਾਂ ਅਸੀਂ ਸਿੱਧੇ ਮਿਊਂਸਪਲਟੀਆਂ ਕੋਲ ਜਾਵਾਂਗੇ। ਮੇਰਾ ਖਿਆਲ ਹੈ ਕਿ ਇਹ ਗਲਤ ਬਿਆਨ ਹੈ। ਸਸਕੈਚਵਨ ਸਰਕਾਰ ਦੇ ਬੁਲਾਰੇ ਸੈਮ ਸਾਸੇ ਨੇ ਕਿਹਾ ਕਿ ਵੈਨਕੂਵਰ ਤੇ ਟੋਰਾਂਟੋ ਵਰਗੇ ਸ਼ਹਿਰਾਂ ਵਿਚ ਕੰਮ ਕਰਨ ਵਾਲੇ ਮਲਟੀਪਲੈਕਸਸ ਸਸਕੈਚਵਨ ਵਿਚ ਉੱਚ ਤਰਜੀਹ ਨਹੀਂ ਹਨ। ਦੂਸਰੇ ਸੂਬਿਆਂ ਦੇ ਪ੍ਰਤੀਨਿਧਾਂ ਨੇ ਨਵੇਂ ਫੰਡ ਦਾ ਸਾਵਧਾਨੀ ਨਾਲ ਸਵਾਗਤ ਕੀਤਾ ਹੈ।

# ਅਰਾਈਵਕੈਨ ਐਪ ਬਾਰੇ ਚਲ ਰਹੀ ਹੈ ਜਾਂਚ-ਆਰਸੀਐਮਪੀ ਕਮਿਸ਼ਨਰ

ਓਟਵਾ-ਆਰਸੀਐਮਪੀ ਕਮਿਸ਼ਨਰ ਮਾਈਕ ਡੂਹੇਮ ਦਾ ਕਹਿਣਾ ਕਿ ਕੌਮੀ ਪੁਲਿਸ ਬਲ ਫੈਡਰਲ ਸਰਕਾਰ ਦੀ ਅਰਾਈਵਕੈਨ ਐਪ ਨਾਲ ਜੁੜੀਆਂ ਚਿੰਤਾਵਾਂ ਦੀ ਵਿਸ਼ੇਸ਼ ਰੂਪ ਵਿਚ ਜਾਂਚ ਕਰ ਰਿਹਾ ਹੈ ਜਿਸ ਨੇ ਠੇਕੇਦਾਰਾਂ ਜਿਨ੍ਹਾਂ ਨੇ ਪ੍ਰਾਜੈਕਟ ਲਈ ਕੰਮ ਕੀਤਾ ਦੀ ਸ਼ਮੂਲੀਅਤ ਦੇ ਦੋਸ਼ਾਂ ਦੀ ਮੌਜੂਦਾ ਚਲ ਰਹੀ ਜਾਂਚ ਨੂੰ ਵਧਾ ਦਿੱਤਾ ਹੈ। ਪਿਛਲੇ ਸਮੇਂ ਵਿਚ ਆਰਸੀਐਮਪੀ ਨੇ ਕਿਹਾ ਸੀ ਕਿ ਉਹ ਸਰਕਾਰ ਦੇ ਐਪ ਪ੍ਰਬੰਧ ਸਬੰਧੀ ਆਡੀਟਰ ਜਨਰਲ ਕੈਰਨ ਹੋਗਨ ਦੀ ਫਰਵਰੀ ਮਹੀਨੇ ਦੀ ਰਿਪੋਰਟ ਦੀ ਸਮੀਖਿਆ ਕਰ ਰਹੀ ਹੈ। ਰਿਪੋਰਟ ਵਿਚ ਨਿਗਰਾਨੀ ਅਤੇ ਦਸਤਾਵੇਜ਼ ਦੀ ਘਾਟ ਬਾਰੇ ਚਿੰਤਾਵਾਂ ਪੈਦਾ ਕੀਤੀਆਂ ਸਨ ਕਿਉਂਕਿ ਐਪ ਦੀ ਲਾਗਤ ਵਧ ਕੇ 59.5 ਮਿਲੀਅਨ ਡਾਲਰ ਹੋ ਗਈ ਸੀ। ਮਿਸ ਹੋਗਨ ਨੇ ਚਿੰਤਾ ਜ਼ਾਹਿਰ ਕੀਤੀ ਸੀ ਕਿ ਆਈਟੀ ਸਟਾਫਿੰਗ ਫਰਮ ਜੀਸੀਸਟ੍ਰੈਟਜੀਸ ਜਿਹੜੀ ਅਰਾਈਵਕੈਨ ਐਪ ਦੀ ਮੁੱਖ ਠੇਕੇਦਾਰ ਸੀ 25 ਮਿਲੀਅਨ ਦੇ ਠੇਕੇ ਦੀਆਂ ਤੰਗ ਸ਼ਰਤਾਂ ਤਹਿ ਕਰਨ ਵਿਚ ਸਿੱਧੇ ਰੂਪ ਵਿਚ ਸ਼ਾਮਿਲ ਸੀ ਅਤੇ ਆਖਰਕਾਰ ਇਸ ਨੇ ਇਹ ਠੇਕਾ ਲੈ ਲਿਆ ਸੀ। ਉਨ੍ਹਾਂ ਨੇ ਐਮਪੀਜ਼ ਨੂੰ ਦੱਸਿਆ ਕਿ ਰਿਪੋਰਟ ਨੂੰ ਜਾਰੀ ਕਰਨ ਤੋਂ ਪਹਿਲਾਂ ਰਿਪੋਰਟ 'ਤੇ ਚਰਚਾ ਕਰਨ ਲਈ ਉਸ ਨੇ ਆਰਸੀਐਮਪੀ ਨਾਲ ਮੀਟਿੰਗ ਕੀਤੀ ਹੈ। ਕਮਿਸ਼ਨਰ ਡੂਹੇਮੇ ਨੇ ਬੁੱਧਵਾਰ ਤਬਦੀਲੀ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਆਰਸੀਐਮਪੀ ਨੂੰ ਅਰਾਈਵਕੈਨ ਐਪ ਦੀ ਜਾਂਚ ਕਰਨ ਲਈ ਕਈ ਵੇਰਵੇ ਮਿਲੇ ਹਨ ਅਤੇ ਅਸੀਂ ਜਾਂਚ ਕਰ ਰਹੇ ਹਾਂ। ਅਰਾਈਵਕੈਨ ਐਪ 2020 ਦੇ ਸ਼ੁਰੂ ਵਿਚ ਮਹਾਂਮਾਰੀ ਦੌਰਾਨ ਯਾਤਰੀਆਂ ਨੂੰ ਆਪਣੇ ਪਤੇ ਵਰਗੀ ਲਾਜ਼ਮੀ ਸੰਪਰਕ-ਟਰੇਸਿੰਗ ਜਾਣਕਾਰੀ ਅਪਲੋਡ ਕਰਨ ਲਈ ਬਣਾਈ ਗਈ ਸੀ। ਇਸ ਨੂੰ ਬਾਅਦ ਵਿਚ ਸਿਹਤ ਸਬੰਧੀ ਜਾਣਕਾਰੀ ਦੇਣ ਲਈ ਕਈ ਵਾਰ ਅਪਡੇਟ ਕੀਤਾ ਗਿਆ ਸੀ। 30 ਸਤੰਬਰ 2022 ਤੋਂ ਇਹ ਐਪ ਲਾਜ਼ਮੀ ਨਹੀਂ ਰਹੀ ਅਤੇ ਇਹ ਇਕ ਸਵੈਇੱਛਾ ਵਾਲਾ ਵਿਕਲਪ ਬਣੀ ਰਹੀ। ਪ੍ਰਾਜੈਕਟ ਦੀ ਕੈਨੇਡਾ ਬਾਰਡਰ ਏਜੰਸੀ ਨੇ ਅਗਵਾਈ ਕੀਤੀ ਸੀ।

## ਪੁਲਿਸ ਨੂੰ ਲਾਪਤਾ ਹੋਈ ਨਵਦੀਪ ਕੌਰ ਦੇ ਕਿਸੇ ਅਪਰਾਧ ਦੀ ਸ਼ਿਕਾਰ ਹੋਣ ਦਾ ਸ਼ੱਕ

ਸਰੀ-ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ਆਈਐਚਆਈਟੀ) ਨਵਦੀਪ ਕੌਰ ਦੇ ਮਾਮਲੇ ਦੀ ਜਾਂਚ ਕਰ ਰਹੀ ਹੈ ਜਿਹੜੀ 23 ਫਰਵਰੀ 2024 ਤੋਂ ਲਾਪਤਾ ਹੈ। ਜਾਂਚ ਅਧਿਕਾਰੀ ਨਵਦੀਪ ਕੌਰ ਅਤੇ ਉਸ ਦੇ ਇਧਰ ਜਾਣ ਬਾਰੇ ਵੱਧ ਤੋਂ ਵੱਧ ਜਾਨਣ ਲਈ ਕੰਮ ਕਰ ਰਹੇ ਹਨ ਜਿਸ ਪਿੱਛੋਂ ਉਹ 22 ਫਰਵਰੀ ਨੂੰ ਲਾਪਤਾ ਹੋ ਗਈ ਸੀ। ਨਵਦੀਪ ਕੌਰ ਨੂੰ ਆਖਰੀ ਵਾਰ 123 ਸਟਰੀਟ ਦੇ 7800 ਬਲਾਕ ਵਿਚ ਰਾਤ 10.30 ਵਜੇ ਦੇਖਿਆ ਗਿਆ ਸੀ। ਸਰੀ ਆਰਸੀਐਮਪੀ ਦੇ ਲਾਪਤਾ ਵਿਅਕਤੀਆਂ ਦੀ ਜਾਂਚ ਕਰਨ ਵਾਲੇ ਯੂਨਿਟ ਦੇ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਕੌਰ ਕਿਸੇ ਅਪਰਾਧ ਦਾ ਸ਼ਿਕਾਰ ਹੋਈ ਹੋ ਸਕਦੀ ਹੈ। ਸਿੱਟੇ ਵਜੋਂ ਆਈਐਚਆਈਟੀ ਜਾਂਚ ਦੀ ਅਗਵਾਈ ਕਰ ਰਹੀ ਹੈ ਅਤੇ ਲਗਾਤਾਰ ਆਰਸੀਐਮਪੀ, ਇੰਟੀਗ੍ਰੇਟਿਡ ਫੌਰੈਂਸਿਕ ਐਡੈਂਟੀਫਿਕੇਸ਼ਨ ਸੈਕਸ਼ਨ ਅਤੇ ਬੀਸੀ ਕੋਰੋਨਰ ਸਰਵਿਸ ਨਾਲ ਮਿਲ ਕੇ ਲਗਾਤਾਰ ਕੰਮ ਕਰ ਰਹੀ ਹੈ। ਪੁਲਿਸ ਲੋਕਾਂ ਨੂੰ ਕਹਿ ਰਹੀ ਹੈ ਕਿ ਜੇਕਰ ਤੁਹਾਡੇ ਕੋਲ ਨਵਦੀਪ ਕੌਰ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਤੁਸੀਂ ਆਈਐਚਆਈਟੀ ਨਾਲ ਸੰਪਰਕ ਕਰੋ।






# ਸਿਆਸੀ ਭ੍ਰਿਸ਼ਟਾਚਾਰ ਦੇ ਹਮਾਮ ਵਿਚ ਸਭ ਨੰਗੇ...

## ਸ਼ਰਾਬ ਘੁਟਾਲਾ ਬਨਾਮ ਚੋਣ ਬਾਂਡ ਘੁਟਾਲਾ

**ਸੁਖਵਿੰਦਰ ਸਿੰਘ ਚੋਹਲਾ**

ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਜਿਹਨਾਂ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ ਵਲੋਂ 21 ਮਾਰਚ ਨੂੰ ਆਬਕਾਰੀ ਨੀਤੀ ਘੁਟਾਲੇ ਵਿਚ ਗ੍ਰਿਫਤਾਰ ਕਰ ਲਿਆ ਗਿਆ ਸੀ, ਦਾ ਅਦਾਲਤ ਨੇ ਪਹਿਲੀ ਅਪ੍ਰੈਲ ਤੱਕ ਰਿਮਾਂਡ ਵਧਾ ਦਿੱਤਾ ਹੈ। ਈਡੀ ਨੇ 28 ਮਾਰਚ ਨੂੰ ਪਹਿਲੇ ਰਿਮਾਂਡ ਦੇ ਖਤਮ ਹੋਣ ਉਪਰੰਤ ਅਦਾਲਤ ਤੋਂ 7 ਦਿਨ ਦਾ ਹੋਰ ਰਿਮਾਂਡ ਮੰਗਿਆ ਸੀ ਕਿ ਉਸਨੇ ਅਜੇ ਮੁੱਖ ਮੰਤਰੀ ਤੋ ਹੋਰ ਪੁੱਛਗਿਛ ਕਰਨੀ ਹੈ। ਗ੍ਰਿਫਤਾਰੀ ਸਮੇਂ ਜ਼ਬਤ ਕੀਤੇ ਗਏ ਚਾਰ ਇਲੈਕਟ੍ਰੋਨਿਕ ਯੰਤਰਾਂ ਦਾ ਪਾਸਵਰਡ ਨਾ ਮਿਲਣ ਅਤੇ ਕੇਜਰੀਵਾਲ ਵਲੋਂ ਈਡੀ ਦੇ ਸਵਾਲਾਂ ਤੋਂ ਟਾਲ ਮਟੋਲ ਕਰਨ ਦੇ ਨਾਲ ਆਬਕਾਰੀ ਘੁਟਾਲੇ ਵਿਚ ਸ਼ਾਮਿਲ ਹੋਰ ਦੋਸ਼ੀਆਂ ਦੀ ਆਹਮੋ ਸਾਹਮਣੇ ਪੁੱਛਗਿੱਛ ਕਰਨੀ ਬਾਕੀ ਹੈ। ਇਸੇ ਦੌਰਾਨ ਕੇਜਰੀਵਾਲ ਦੀ ਧਰਮਪਤਨੀ ਸੁਨੀਤਾ ਕੇਜਰੀਵਾਲ ਨੇ ਦੋਸ਼ ਲਗਾਏ ਹਨ ਕਿ ਉਸਦੇ ਪਤੀ ਨੂੰ ਈਡੀ ਹਿਰਾਸਤ ਵਿਚ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਜਦੋਂਕਿ ਡਾਇਬਟੀਜ਼ ਦੇ ਮਰੀਜ ਹੋਣ ਕਾਰਣ ਉਸਦੀ ਸਿਹਤ ਠੀਕ ਨਹੀ ਹੈ। ਉਹਨਾਂ ਦਾਅਵਾ ਕੀਤਾ ਕਿ ਰਿਮਾਂਡ ਖਤਮ ਹੋਣ ਉਪਰੰਤ ਅਦਾਲਤ ਵਿਚ ਪੇਸ਼ੀ ਦੌਰਾਨ ਕੇਜਰੀਵਾਲ ਅਹਿਮ ਖੁਲਾਸੇ ਕਰਨਗੇ। ਕਿਹਾ ਜਾ ਰਿਹਾ ਹੈ ਕਿ ਈਡੀ ਨੇ ਆਬਕਾਰੀ ਨੀਤੀ ਘੁਟਾਲੇ ਦੇ ਸਬੰਧ ਵਿਚ 31 ਹਜਾਰ ਪੰਨਿਆ ਦੀ ਰਿਪੋਰਟ ਤਿਆਰ ਕੀਤੀ ਹੈ ਜਿਸ ਵਿਚ ਆਬਕਾਰੀ ਘੁਟਾਲੇ ਦਾ ਪੈਸਾ ਗੋਆ ਦੀਆਂ ਚੋਣਾਂ ਵਿਚ ਵਰਤੇ ਜਾਣ ਦੇ ਦੋਸ਼ ਲਗਾਏ ਹਨ। ਇਸ ਸੰਬੰਧੀ ਈਡੀ ਵਲੋਂ ਆਮ ਆਦਮੀ ਪਾਰਟੀ ਦੇ ਗੋਆ ਦੇ ਪ੍ਰਧਾਨ ਅਮਿਤ ਪਾਲੇਕਰ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ ਜਦੋਂਕਿ ਕੇਜਰੀਵਾਲ ਦਾ ਕਹਿਣਾ ਹੈ ਕਿ ਇਸ ਰਿਪੋਰਟ ਵਿਚ ਉਸਦੇ ਖਿਲਾਫ ਕੋਈ ਸਬੂਤ ਨਹੀ ਹਨ ਤੇ ਈਡੀ , ਹਾਕਮ ਪਾਰਟੀ ਦੇ ਦਿਸ਼ਾ ਨਿਰਦੇਸ਼ਾਂ ਤੇ ਇਕ ਸਾਜਿਸ਼ ਤਹਿਤ ਉਸਦੇ ਅਤੇ ਆਮ ਆਦਮੀ ਪਾਰਟੀ ਦੇ ਖਿਲਾਫ ਕੰਮ ਕਰ ਰਹੀ ਹੈ। ਆਬਕਾਰੀ ਘੁਟਾਲੇ ਦੇ ਸੰਬੰਧ ਵਿਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਡਿਪਟੀ ਮੁੱਖ ਮੰਤਰੀ ਮੁਨੀਸ਼ ਸਿਸੋਦੀਆ ਸਮੇਤ ਸਾਬਕਾ ਮੰਤਰੀ ਸਤੇਂਦਰ ਜੈਨ ਤੇ ਐਮ ਪੀ ਸੰਜੇ ਸਿੰਘ ਪਹਿਲਾਂ ਹੀ ਜੇਲ ਵਿਚ ਬੰਦ ਹਨ। ਸ੍ਰੀ ਮਨੀਸ਼ ਸਿਸੋਦੀਆ ਨੂੰ ਜੇਲ ਵਿਚ ਲਗਪਗ ਇਕ ਸਾਲ ਤੋਂ ਉਪਰ ਦਾ ਸਮਾਂ ਹੋ ਗਿਆ ਹੈ। ਅਦਾਲਤ ਵਲੋਂ ਇਹਨਾਂ ਤਿੰਨਾਂ ਆਗੂਆਂ ਦੀ ਅਜੇ ਤੱਕ ਜ਼ਮਾਨਤ ਮਨਜੂਰ ਨਹੀ ਕੀਤੀ ਗਈ। ਆਮ ਆਦਮੀ ਪਾਰਟੀ ਦਾ ਦੋਸ਼ ਹੈ ਕਿ ਮੋਦੀ ਸਰਕਾਰ ਪਾਰਟੀ ਆਗੂ ਕੇਜਰੀਵਾਲ ਨੂੰ ਵੀ ਲੰਬਾ ਸਮਾਂ ਜੇਲ ਵਿਚ ਰੱਖਣ ਦੀ



ਸਾਜਿਸ਼ ਕਰ ਰਹੀ ਹੈ ਤਾਂ ਕਿ ਉਸਨੂੰ ਲੋਕ ਸਭ ਚੋਣਾਂ ਦੌਰਾਨ ਪ੍ਰਚਾਰ ਤੋਂ ਰੋਕਿਆ ਜਾ ਸਕੇ। ਕੇਜਰੀਵਾਲ ਦੀ ਗ੍ਰਿਫਤਾਰੀ ਖਿਲਾਫ ਇੰਡੀਆ ਗਠਜੋੜ ਵਲੋਂ ਰਾਜਧਾਨੀ ਦਿੱਲੀ ਦੇ ਰਾਮਲੀਲਾ ਮੈਦਾਨ ਵਿਚ 31 ਮਾਰਚ ਨੂੰ ਮਹਾਂਰੈਲੀ ਦਾ ਸੱਦਾ ਦਿੱਤਾ ਗਿਆ ਹੈ। ਆਮ ਆਦਮੀ ਪਾਰਟੀ ਵਲੋਂ ਪਹਿਲਾਂ ਹੀ ਕੇਜਰੀਵਾਲ ਦੀ ਗ੍ਰਿਫਤਾਰੀ ਖਿਲਾਫ ਰੋਸ ਮੁਜਾਹਰੇ ਕੀਤੇ ਜਾ ਰਹੇ ਹਨ।

ਉਧਰ ਪੰਜਾਬ ਭਾਜਪਾ ਦੇ ਵਫਦ ਨੇ ਸ੍ਰੀ ਸੁਨੀਲ ਜਾਖੜ ਦੀ ਅਗਵਾਈ ਹੇਠ ਮੁੱਖ ਚੋਣ ਕਮਿਸ਼ਨਰ ਨੂੰ ਮਿਲਕੇ ਪੰਜਾਬ ਦੀ ਆਬਕਾਰੀ ਨੀਤੀ ਦੀ ਵੀ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ। ਪੰਜਾਬ ਭਾਜਪਾ ਨੇ ਖਦਸ਼ਾ ਜਾਹਰ ਕੀਤਾ ਹੈ ਕਿ ਜਿਵੇਂ ਦਿੱਲੀ ਦੀ ਆਬਕਾਰੀ ਨੀਤੀ ਵਿਚ ਕਰੋੜਾਂ ਦਾ ਘੁਟਾਲਾ ਕਰਦਿਆਂ ਇਹ ਪੈਸਾ ਗੋਆ ਚੋਣਾਂ ਵਿਚ ਵਰਤਿਆ ਗਿਆ, ਇਵੇਂ ਆਮ ਆਦਮੀ ਪਾਰਟੀ ਪੰਜਾਬ ਵਿਚ ਦਿੱਲੀ ਦੀ ਤਰਜ ਤੇ ਲਾਗੂ ਕੀਤੀ ਆਬਕਾਰੀ ਨੀਤੀ ਚੋ ਕਮਾਏ ਪੈਸੇ ਲੋਕ ਸਭਾ ਚੋਣਾਂ ਵਿਚ ਵਰਤ ਸਕਦੀ ਹੈ। ਉਹਨਾਂ ਦਾ ਦੋਸ਼ ਹੈ ਕਿ ਦਿੱਲੀ ਵਿਚ ਜਿਸ ਕੰਪਨੀ ਦੇ ਅਧਿਕਾਰੀ ਸ਼ਰਾਬ ਘੁਟਾਲੇ ਵਿਚ ਜੇਲ ਦੀਆਂ ਸ਼ਲਾਖਾਂ ਪਿੱਛੇ ਹਨ, ਪੰਜਾਬ ਵਿਚ ਉਸੇ ਸ਼ਰਾਬ ਕੰਪਨੀ ਨੂੰ ਵੱਡੀ ਗਿਣਤੀ ਵਿਚ ਠੇਕੇ ਅਲਾਟ ਕਰਕੇ ਪੰਜਾਬ ਦੇ ਖਜਾਨੇ ਨੂੰ ਘੱਟੋ ਘੱਟ 1000 ਕਰੋੜ ਦਾ ਨੁਕਸਾਨ ਪਹੁੰਚਾਇਆ ਗਿਆ ਹੈ।

ਇਥੇ ਕਮਾਲ ਦੀ ਗੱਲ ਹੈ ਕਿ ਪੰਜਾਬ ਭਾਜਪਾ ਦੇ ਆਗੂ ਜਿਸ ਆਮ ਆਦਮੀ ਪਾਰਟੀ ਉਪਰ ਸ਼ਰਾਬ ਕੰਪਨੀਆਂ ਤੋਂ ਕਰੋੜਾਂ ਰੁਪਏ ਲੈਕੇ ਚੋਣਾਂ ਵਿਚ ਵਰਤੇ ਜਾਣ ਦੀ ਖਦਸ਼ੇ ਪ੍ਰਗਟ ਕਰ ਰਹੇ ਹਨ, ਉਥੇ ਭਾਜਪਾ ਸਰਕਾਰ ਵਲੋਂ ਚੋਣ ਬਾਂਡਾਂ ਰਾਹੀਂ ਇਕੱਠੇ ਕੀਤੇ ਕਰੋੜਾਂ ਰੁਪਏ ਦੇ ਮਾਮਲੇ ਤੇ ਇਵੇਂ ਚੁੱਪ ਹਨ ਜਿਵੇਂ ਵਪਾਰਕ ਕੰਪਨੀਆਂ ਤੋਂ ਰਿਸ਼ਵਤ ਦੇ ਰੂਪ ਵਿਚ ਲਏ ਗਏ ਚੋਣ ਫੰਡ ਕੇਵਲ ਦਾਨ ਦੇ ਠੱਪੇ ਨਾਲ ਹੀ ਦੁਧ ਧੋਤੇ ਹੋ ਗਏ ਹੋਣ। ਪਿਛਲੇ ਦਿਨੀਂ ਸੁਪਰੀਮ ਕੋਰਟ ਵਲੋਂ ਚੋਣ ਬਾਂਡਾਂ ਨੂੰ ਗੈਰਕਨੂੰਨੀ ਕਰਾਰ ਦੇਣ ਅਤੇ ਚੋਣ ਕਮਿਸ਼ਨ ਨੂੰ ਸਿਆਸੀ ਪਾਰਟੀਆਂ ਨੂੰ ਮਿਲੇ ਚੋਣ ਫੰਡ ਜਨਤਕ ਕੀਤੇ ਜਾਣ ਦੇ ਨਿਰਦੇਸ਼ਾਂ ਉਪਰੰਤ ਜੋ ਖੁਲਾਸੇ ਹੋਏ ਹਨ, ਉਹ ਜਿਥੇ ਹੈਰਾਨਕੁੰਨ ਹਨ ਉਥੇ ਇਹ ਕਹਿਣ ਲਈ ਵੀ ਕਾਫੀ ਹਨ ਕਿ ਇਸ ਹਮਾਮ ਵਿਚ ਸਾਰੇ ਨੰਗੇ ਹਨ।

ਭਾਰਤੀ ਚੋਣ ਕਮਿਸ਼ਨ ਦੀ ਵੈਬਸਾਈਟ ਮੁਤਾਬਿਕ ਅਪ੍ਰੈਲ 2019 ਤੋਂ ਜਨਵਰੀ 2024 ਤੱਕ ਸਿਆਸੀ ਪਾਰਟੀਆਂ ਨੂੰ ਮਿਲੀ ਕਰੋੜਾਂ ਦੀ ਦਾਨ ਰਾਸ਼ੀ ਵਿਚੋਂ ਚੋਣ ਬਾਂਡ ਕੈਸ਼ ਕਰਵਾਉਣ ਵਾਲੀ ਪਾਰਟੀ ਭਾਜਪਾ ਦਾ ਨਾਮ ਸਭ ਤੋਂ ਉਪਰ ਹੈ। ਭਾਜਪਾ ਨੇ ਇਸ ਸਮੇਂ ਦੌਰਾਨ ਕੁਲ 6986.5 ਕਰੋੜ ਰੁਪਏ ਪ੍ਰਾਪਾਤ ਕੀਤੇ ਜਦੋਂਕਿ ਤ੍ਰਿਣਾਮੂਲ ਕਾਂਗਰਸ ਨੇ 1397 ਕਰੋੜ, ਕਾਂਗਰਸ ਨੇ 1334 ਕਰੋੜ ਅਤੇ ਭਾਰਤ ਰਾਸ਼ਟਰਾ ਸਮਿਤੀ ਨੇ 1322 ਕਰੋੜ ਰੁਪਏ ਚੋਣ ਬਾਂਡ ਵਜੋਂ ਪ੍ਰਾਪਤ ਕੀਤੇ। ਭਾਜਪਾ ਨੂੰ ਦਾਨ ਰਾਸ਼ੀ ਦੇਣ ਵਾਲੇ ਕੁਲ 487 ਦਾਨੀਆਂ ਚੋਂ 10 ਅਜਿਹੇ ਦਾਨੀ ਹਨ ਜਿਹਨਾਂ ਨੇ ਕੁਲ ਦਾਨ ਰਾਸ਼ੀ ਚੋਂ 2000 ਕਰੋੜ ਤੋਂ ਉਪਰ ਦਾਨ ਕੀਤੇ ਹਨ ਜੋ ਕੁਲ ਰਾਸ਼ੀ ਦਾ ਲਗਪਗ 37 ਪ੍ਰਤੀਸ਼ਤ ਬਣਦਾ ਹੈ। ਸਮਝਿਆ ਜਾ ਸਕਦਾ ਹੈ ਕਿ ਇਤਨੀ ਵੱਡੀ ਰਕਮ ਦਾਨ ਕਰਨ ਵਾਲੀਆਂ ਇਹ 10 ਕੰਪਨੀਆਂ ਕਿਹੜੀਆ ਹੋ ਸਕਦੀਆਂ ਹਨ ? ਲੋਕ ਸਭਾ ਚੋਣਾਂ ਦੇ ਦੌਰਾਨ ਵਿਰੋਧੀ ਪਾਰਟੀਆਂ ਨੂੰ ਆਮਦਨ ਕਰ ਟੈਕਸ ਦੇ ਨੋਟਿਸ ਭੇਜਣ ਅਤੇ ਬੈਂਕ ਖਾਤੇ ਸੀਲ ਕੀਤੇ ਜਾਣ ਦੀਆਂ ਰਿਪੋਰਟਾਂ ਦੇ ਦਰਮਿਆਨ ਭਾਜਪਾ 400 ਸੀਟਾਂ ਦਾ ਅੰਕੜਾ ਪਾਰ ਕਰਨ ਦੇ ਨਾਅਰੇ ਨਾਲ ਚੋਣ ਮੈਦਾਨ ਵਿਚ ਹੈ। ਕਰੋੜਾਂ ਦੇ ਚੋਣ ਫੰਡ ਇਕੱਤਰ ਕਰਨ ਤੇ ਵਿਰੋਧੀਆਂ ਨੂੰ ਗੁੱਠੇ ਲਗਾਕੇ ਕੇਵਲ ਰਾਮ ਮੰਦਿਰ ਦੀ ਉਸਾਰੀ ਤੇ ਹਿਦੂ ਰਾਸ਼ਟਰ ਦੇ ਨਾਅਰੇ ਨਾਲ ਮੁੜ ਸੱਤਾ ਉਪਰ ਕਾਬਜ਼ ਹੋਣ ਦੀ ਤਿਆਰੀ ਨਾਲ ਭਾਜਪਾ ਦਾ ਅਸਲ ਚਿਹਰਾ ਕੀ ਹੈ, ਬਹੁਗਿਣਤੀ ਲੋਕ ਸ਼ਾਇਦ ਨਹੀ ਜਾਣਦੇ। ਵਿੱਤ ਮੰਤਰੀ ਸੀਤਾਰਮਨ ਦੇ ਪਤੀ ਪਰਾਕਲਾ ਪ੍ਰਭਾਕਰ ਜੋ ਇਕ ਉਘੇ ਅਰਥਸਾਸ਼ਤਰੀ ਹਨ ਦਾ ਕਹਿਣਾ ਹੈ ਕਿ ਚੋਣ ਬਾਂਡ ਦਾ ਘੁਟਾਲਾ ਭਾਰਤ ਦਾ ਨਹੀ ਸ਼ਾਇਦ ਦੁਨੀਆ ਦਾ ਸਭ ਤੋਂ ਵੱਡਾ ਘੁਟਾਲਾ ਹੈ। ਅਗਰ ਲੋਕ ਇਸ ਘੁਟਾਲੇ ਦੀ ਅਸਲੀਅਤ ਜਾਣ ਜਾਂਦੇ ਹਨ ਤਾਂ ਭਾਜਪਾ ਨੂੰ ਇਸਦਾ ਖਮਿਆਜਾ ਭੁਗਤਣਾ ਪੈ ਸਕਦਾ ਹੈ। ਪਰ ਸਵਾਲ ਹੈ ਕਿ ਕੀ ਲੋਕ ਸਭਾ ਚੋਣਾਂ ਦੌਰਾਨ ਵਿਰੋਧੀ ਧਿਰਾਂ ਇਸ ਵੱਡੇ ਘੁਟਾਲੇ ਨੂੰ ਆਮ ਲੋਕਾਂ ਦਾ ਮੁੱਦਾ ਬਣਾਉਣ ਵਿਚ ਸਫਲ ਹੋ ਪਾਉਣਗੀਆਂ ??


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

Face ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

Arms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

Speech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

Time ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions & Get Sold Guaranteed
We Help Buyers With Cash Back
Buy, Sell, Mortgage or Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

## ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੂੰ ਭਾਰਤ ਨਾਲ ਰਿਸ਼ਤੇ ਸੁਧਰਨ ਦੀ ਉਮੀਦ

ਇਸਲਾਮਾਬਾਦ-ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਉਮੀਦ ਜਤਾਈ ਹੈ ਕਿ ਭਾਰਤ 'ਚ ਆਮ ਚੋਣਾਂ ਤੋਂ ਬਾਅਦ ਗੁਆਂਢੀ ਦੇਸ਼ ਨਾਲ ਸਬੰਧਾਂ 'ਚ ਸੁਧਾਰ ਹੋਵੇਗਾ ਆਸਿਫ ਦੀਆਂ ਟਿੱਪਣੀਆਂ ਤੋਂ ਕੁਝ ਦਿਨ ਪਹਿਲਾਂ, ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਸਿੰਗਾਪੁਰ ਵਿੱਚ ਕਿਹਾ ਸੀ ਕਿ ਪਾਕਿਸਤਾਨ ਲਗਭਗ "ਉਦਯੋਗਿਕ ਪੱਧਰ" 'ਤੇ ਅੱਤਵਾਦ ਨੂੰ ਸਪਾਂਸਰ ਕਰ ਰਿਹਾ ਹੈ ਅਤੇ ਭਾਰਤ ਹੁਣ ਅੱਤਵਾਦੀਆਂ ਨੂੰ ਨਜ਼ਰਅੰਦਾਜ਼ ਕਰਨ ਦੇ ਮੂਡ ਵਿਚ ਨਹੀਂ ਹੈ, ਇਸ ਲਈ ਉਹ "ਹੁਣ ਨਜ਼ਰਅੰਦਾਜ਼ ਨਹੀਂ ਕਰੇਗਾ। ਇਸਲਾਮਾਬਾਦ 'ਚ ਸੰਸਦ ਭਵਨ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਖਵਾਜਾ ਆਸਿਫ ਨੇ ਸੋਮਵਾਰ ਨੂੰ ਕਿਹਾ ਕਿ ਚੋਣਾਂ ਤੋਂ ਬਾਅਦ ਭਾਰਤ ਨਾਲ ਸਾਡੇ ਸਬੰਧ ਸੁਧਰ ਸਕਦੇ ਹਨ। ਉਨ੍ਹਾਂ ਕਿਹਾ ਕਿ ਦੋਨਾਂ ਦੇਸ਼ਾਂ ਵਿਚਾਲੇ ਦੁਵੱਲੇ ਸਬੰਧਾਂ ਦਾ ਆਪਣਾ 'ਪਿੱਠਭੂਮੀ' ਹੈ। ਅਫਗਾਨਿਸਤਾਨ ਬਾਰੇ ਗੱਲ ਕਰਦਿਆਂ ਰੱਖਿਆ ਮੰਤਰੀ ਆਸਿਫ ਨੇ ਕਿਹਾ ਕਿ ਉਨ੍ਹਾਂ ਨੇ ਉੱਚ ਪੱਧਰੀ ਵਫ਼ਦ ਨਾਲ ਅਫਗਾਨਿਸਤਾਨ ਦਾ ਦੌਰਾ ਕੀਤਾ ਹੈ ਅਤੇ ਉੱਥੇ ਦੀ ਤਾਲਿਬਾਨ ਸਰਕਾਰ ਨੂੰ ਅੱਤਵਾਦ ਨੂੰ ਰੋਕਣ ਲਈ ਪ੍ਰਭਾਵੀ ਕਦਮ ਚੁੱਕਣ ਦੀ ਅਪੀਲ ਕੀਤੀ ਹੈ।

# ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਦੋਸ਼-ਬੁਸ਼ਰਾ ਨੂੰ ਜ਼ਹਿਰ ਦਿੱਤਾ ਗਿਆ

### ਕਿਹਾ, ਪਤਨੀ ਨੂੰ ਕੁਝ ਹੋਇਆ ਤਾਂ ਆਰਮੀ ਚੀਫ ਹੋਣਗੇ ਜ਼ਿੰਮੇਵਾਰ

ਇਸਲਾਮਾਬਾਦ-ਅਦਿਆਲਾ ਜੇਲ੍ਹ ਵਿਚ ਦੋ ਮਾਮਲਿਆਂ ਵਿਚ ਸਜ਼ਾ ਕੱਟ ਰਹੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ ਥਾਂ ਦਿੱਤੀ ਗਈ ਹੈ। ਬੁਸ਼ਰਾ ਬਨੀਗਾਲਾ ਸਥਿਤ ਖਾਨ ਦੇ ਆਲੀਸ਼ਾਨ ਘਰ 'ਚ ਸਜ਼ਾ ਕੱਟ ਰਹੀ ਹੈ। ਇਸ ਦੇ ਇੱਕ ਹਿੱਸੇ ਨੂੰ ਸਬ-ਜੇਲ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਇਮਰਾਨ ਨੇ ਇਹ ਦੋਸ਼ ਮੰਗਲਵਾਰ ਨੂੰ ਜੇਲ 'ਚ ਸਥਾਪਿਤ ਅਸਥਾਈ ਅਦਾਲਤ 'ਚ ਸੁਣਵਾਈ ਦੌਰਾਨ ਲਗਾਏ। ਸਮਾਚਾਰ ਏਜੰਸੀ ਪੀ.ਟੀ.ਆਈ. ਮੁਤਾਬਕ ਖਾਨ ਨੇ ਇਹ ਵੀ ਕਿਹਾ ਕਿ ਜੇਕਰ ਬੁਸ਼ਰਾ ਨੂੰ ਕੋਈ ਨੁਕਸਾਨ ਹੁੰਦਾ ਹੈ ਤਾਂ ਇਸ ਦੇ ਲਈ ਫੌਜ ਮੁਖੀ ਜਨਰਲ ਅਸੀਮ ਮੁਨੀਰ



ਜ਼ਿੰਮੇਵਾਰ ਹੋਣਗੇ। ਜੇਲ੍ਹ 'ਚ ਕਰੀਬ 45 ਮਿੰਟ ਚੱਲੀ ਸੁਣਵਾਈ ਦੌਰਾਨ ਇਮਰਾਨ ਨੇ ਜੱਜ ਨਾਸਿਰ ਜਾਵੇਦ ਰਾਣਾ ਨੂੰ ਕਿਹਾ ਕਿ ਮੇਰੀ ਪਤਨੀ ਨੂੰ ਜ਼ਹਿਰ ਦਿੱਤਾ ਗਿਆ ਹੈ। ਇਸ ਜ਼ਹਿਰ ਕਾਰਨ ਬੁਸ਼ਰਾ ਦੇ ਸਰੀਰ ਅਤੇ ਜੀਭ 'ਤੇ ਨਿਸ਼ਾਨ ਦਿਖਾਈ ਦਿੱਤੇ ਹਨ। ਮੈਂ ਜਾਣਦਾ ਹਾਂ ਕਿ ਇਸ ਪਿੱਛੇ ਕਿਸਦਾ ਹੱਥ ਹੈ। ਖਾਨ ਨੇ ਅਦਾਲਤ ਨੂੰ ਕਿਹਾ ਕਿ ਮੇਰੀ ਮੰਗ ਹੈ ਕਿ ਬੁਸ਼ਰਾ ਦਾ ਚੈਕਅਪ ਸ਼ੌਕਤ ਖਾਨਮ ਹਸਪਤਾਲ ਦੇ ਡਾਕਟਰ ਅਸੀਮ ਤੋਂ ਕਰਵਾਇਆ ਜਾਵੇ। ਮੈਂ ਅਤੇ ਮੇਰੀ ਪਾਰਟੀ ਸਰਕਾਰ ਦੇ ਡਾਕਟਰਾਂ 'ਤੇ ਭਰੋਸਾ ਨਹੀਂ ਕਰ ਸਕਦੇ। ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਹੋਣੀ ਚਾਹੀਦੀ ਹੈ।

## ਦੁਨੀਆਂ ਦੇ ਸਭ ਤੋਂ ਬਜ਼ੁਰਗ ਵਿਅਕਤੀ ਜੁਆਨ ਵਿਸੇਂਟ ਦਾ 114 ਸਾਲ ਦੀ ਉਮਰ 'ਚ ਦਿਹਾਂਤ

ਕਰਾਕਸ-ਦੁਨੀਆਂ ਦੇ ਸਭ ਤੋਂ ਬਜ਼ੁਰਗ ਵਿਅਕਤੀ ਜੁਆਨ ਵਿਸੈਂਟ ਪੇਰੇਜ਼ ਮੋਰਾ ਦੀ 114 ਸਾਲ ਦੀ ਉਮਰ 'ਚ ਮੌਤ ਹੋ ਗਈ ਹੈ।




ਜੁਆਨ ਵੈਨੇਜ਼ੁਏਲਾ ਦੇ ਰਹਿਣ ਵਾਲੇ ਸਨ। ਫਰਵਰੀ 2022 ਵਿੱਚ, ਗਿਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਨੇ ਉਨ੍ਹਾਂਨੂੰ ਸਭ ਤੋਂ ਬਜ਼ੁਰਗ ਵਿਅਕਤੀ ਘੋਸ਼ਿਤ ਕੀਤਾ। ਉਸ ਸਮੇਂ ਉਨ੍ਹਾਂ ਦੀ ਉਮਰ 112 ਸਾਲ 253 ਦਿਨ ਸੀ। ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਜੁਆਨ ਦੀ ਮੌਤ ਦੀ ਘੋਸ਼ਣਾ ਕੀਤੀ। ਜੁਆਨ ਦਾ ਜਨਮ 27 ਮਈ 1909 ਨੂੰ ਹੋਇਆ ਸੀ। ਉਨ੍ਹਾਂ ਦੇ 11 ਪੁੱਤਰ, 41 ਪੋਤੇ-ਪੋਤੀਆਂ, 18 ਪੜਪੋਤੇ ਅਤੇ 12 ਗ੍ਰੇਟ ਗ੍ਰੈਂਡਚਿਲਡਰਨ ਹਨ। ਗਿਨੀਜ਼ ਦੀ ਰਿਪੋਰਟ ਮੁਤਾਬਕ ਜੁਆਨ ਪੇਸ਼ੇ ਤੋਂ ਕਿਸਾਨ ਸਨ। ਉਨ੍ਹਾਂ ਨੇ ਦੱਸਿਆ ਸੀ ਕਿ ਉਨ੍ਹਾਂ ਦੀ ਲੰਬੀ ਉਮਰ ਦਾ ਰਾਜ਼ ਸਖ਼ਤ ਮਿਹਨਤ, ਸਮੇਂ ਸਿਰ ਆਰਾਮ ਕਰਨਾ ਅਤੇ ਹਰ ਰੋਜ਼ ਗੰਨੇ ਦੀ ਸ਼ਰਾਬ ਦਾ ਇੱਕ ਗਲਾਸ ਪੀਣਾ ਹੈ। 5 ਸਾਲ ਦੀ ਉਮਰ ਵਿੱਚ, ਜੁਆਨ ਨੇ ਆਪਣੇ ਪਿਤਾ ਅਤੇ ਭਰਾਵਾਂ ਨਾਲ ਖੇਤ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਹ ਗੰਨੇ ਅਤੇ ਕੌਫੀ ਦੀ ਖੇਤੀ ਵਿੱਚ ਉਨ੍ਹਾਂ ਦੀ ਮਦਦ ਕਰਦੇ ਸਨ। ਇਸ ਤੋਂ ਬਾਅਦ ਉਹ ਸ਼ੈਰਿਫ (ਸਥਾਨਕ ਪੁਲਿਸ ਅਧਿਕਾਰੀ) ਬਣ ਗਏ ਅਤੇ ਆਪਣੇ ਖੇਤਰ ਵਿੱਚ ਜ਼ਮੀਨ ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਨਾ ਸ਼ੁਰੂ ਕਰ ਦਿੱਤਾ ਹਾਲਾਂਕਿ ਇਸ ਦੌਰਾਨ ਉਨ੍ਹਾਂ ਨੇ ਖੇਤੀ ਕਰਨੀ ਜਾਰੀ ਰੱਖੀ।

## ਤੁਰਕੀ ਦੇ ਨਾਈਟ ਕਲੱਬ 'ਚ ਅੱਗ ਲੱਗਣ ਕਾਰਣ 29 ਮੌਤਾਂ-ਮੁਰੰਮਤ ਦੇ ਚਲਦੇ ਹਇਆ ਹਾਦਸਾ

ਇਸਤਾਂਬੁਲ-ਤੁਰਕੀ ਦੇ ਇੱਕ ਨਾਈਟ ਕਲੱਬ ਵਿੱਚ ਮੰਗਲਵਾਰ ਨੂੰ ਅੱਗ ਲੱਗ ਗਈ। ਜਾਣਕਾਰੀ ਮੁਤਾਬਕ ਹੁਣ ਤੱਕ 29 ਲੋਕਾਂ ਦੀ ਮੌਤ ਹੋ ਚੁੱਕੀ ਹੈ। ਕਈ ਲੋਕ ਗੰਭੀਰ ਹਨ। ਹਾਦਸੇ ਦੇ ਸਮੇਂ ਇਹ ਨਾਈਟ ਕਲੱਬ ਬੰਦ ਸੀ ਅਤੇ ਮੁਰੰਮਤ ਦਾ ਕੰਮ ਚੱਲ ਰਿਹਾ ਸੀ। ਮਾਰੇ ਗਏ ਲੋਕਾਂ 'ਚ ਜ਼ਿਆਦਾਤਰ ਮਜ਼ਦੂਰ ਸਨ। 8 ਲੋਕਾਂ ਨੂੰ ਗੰਭੀਰ ਹਾਲਤ 'ਚ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਸਤਾਂਬੁਲ ਦੇ ਇੱਕ ਆਲੀਸ਼ਾਨ ਰਿਹਾਇਸ਼ੀ ਖੇਤਰ ਵਿੱਚ 16 ਮੰਜ਼ਿਲਾ ਇਮਾਰਤ ਹੈ। ਇਸ ਦੇ ਬੇਸਮੈਂਟ ਵਿਚ ਇਹ ਨਾਈਟ ਕਲੱਬ ਸੀ। ਇੱਥੇ ਗਵਰਨਰ ਦਾਵਤ ਗੁਲ ਨੇ ਮੀਡੀਆ ਨੂੰ ਕਿਹਾ ਕਿ ਇਹ ਹਾਦਸਾ ਅਤੇ ਸਾਜ਼ਿਸ਼ ਦੋਵੇਂ ਹੋ ਸਕਦੇ ਹਨ। ਪੁਲਿਸ ਹਰ ਪਹਿਲੂ ਤੋਂ ਜਾਂਚ ਕਰ ਰਹੀ ਹੈ। ਹੁਣ ਤੱਕ ਪੰਜ ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਇਨ੍ਹਾਂ ਵਿੱਚ ਕਲੱਬ ਦੇ ਪ੍ਰਬੰਧਕ ਅਤੇ ਰੇਨੋਵੇਸ਼ਨ ਟੀਮ ਦੇ ਲੋਕ ਸ਼ਾਮਿਲ ਹਨ। ਕੁਝ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਅੱਗ ਬੇਸਮੈਂਟ ਦੇ ਉਪਰਲੇ ਫਰਸ਼ ਤੱਕ ਪਹੁੰਚ ਗਈ ਅਤੇ ਉੱਥੇ ਰਹਿਣ ਵਾਲੇ ਕੁਝ ਲੋਕ ਵੀ ਮਾਰੇ ਗਏ। ਫਿਲਹਾਲ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ। ਮੌਕੇ 'ਤੇ ਮੈਡੀਕਲ ਅਤੇ ਪੁਲਿਸ ਟੀਮਾਂ ਮੌਜੂਦ ਹਨ।



ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਬੀ.ਸੀ. ਸਰਕਾਰ ਨਿੱਜੀ ਵਰਤੋਂ ਦੇ ਬਹਾਨੇ ਕਿਰਾਏਦਾਰਾਂ ਨੂੰ ਕੱਢਣ 'ਤੇ ਪਾਬੰਦੀ ਲਗਾਵੇਗੀ

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਸਰਕਾਰ ਮਾੜੀ ਨੀਅਤ ਨਾਲ ਕਿਰਾਏਦਾਰਾਂ ਨੂੰ ਕੱਢਣ ਤੋਂ ਰੋਕਣ, ਉਨ੍ਹਾਂ ਪਰਿਵਾਰਾਂ ਜਿਨ੍ਹਾਂ ਦੇ ਬੱਚੇ ਪੈਦਾ ਹੋਏ ਹਨ ਦੀ ਸੁਰੱਖਿਆ ਅਤੇ ਸਮੱਸਿਆ ਪੈਦਾ ਕਰਨ ਵਾਲੇ ਕਿਰਾਏਦਾਰਾਂ ਵਾਲੇ ਮਕਾਨ ਮਾਲਕਾਂ ਦੀ ਮਦਦ ਲਈ ਕਿਰਾਇਆ ਕਾਨੂੰਨ ਵਿਚ ਤਬਦੀਲੀ ਕਰ ਰਹੀ ਹੈ। ਪ੍ਰੀਮੀਅਰ ਡੇਵਿਡ ਏਬੀ ਨੇ ਕਿਹਾ ਕਿ ਸਰਕਾਰ ਬਹੁਤੇ ਮਕਾਨ ਮਾਲਕਾਂ ਨੂੰ ਨਿੱਜੀ ਵਰਤੋਂ ਨਿਯਮ ਲਾਗੂ ਕਰਨ ਦੀ ਗੱਲ ਨੂੰ ਦੇਖ ਰਹੀ ਹੈ ਜਿਸ ਵਿਚ ਘੱਟ ਕਿਰਾਏ ਨਾਲ ਲੰਬੇ ਸਮੇਂ ਤੋਂ ਰਹਿ ਰਹੇ ਕਿਰਾਏਦਾਰਾਂ ਨੂੰ ਕੱਢਣ ਦੇ ਬਹਾਨੇ ਵਜੋਂ ਉਹ ਉਨ੍ਹਾਂ ਜਾਂ ਉਨ੍ਹਾਂ ਦੇ ਪਰਿਵਾਰ ਨੂੰ ਉਸ ਯੂਨਿਟ ਵਿਚ ਜਾਣ ਦੀ ਇਜਾਜ਼ਤ ਦਿੰਦਾ ਹੈ। ਏਬੀ ਨੇ ਦੱਸਿਆ ਕਿ ਸਾਨੂੰ ਇਸ ਗੱਲ ਦੀ ਜਾਣਕਾਰੀ ਹੈ ਕਿ ਸੂਬੇ ਵਿਚ ਬਹੁਤ ਸਾਰੇ ਲੋਕ ਮਾਰਕੀਟ ਕਿਰਾਏ ਤੋਂ ਘੱਟ ਭੁਗਤਾਨ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਕਿਰਾਇਆ ਵਧਾਉਣ ਦੀਆਂ ਸਾਡੀਆਂ ਸੀਮਾਵਾਂ ਨੇ ਸੁਰੱਖਿਅਤ ਕੀਤਾ ਹੈ। ਕੁਝ ਮਕਾਨ ਮਾਲਕਾਂ ਵਿਚ ਉਨ੍ਹਾਂ ਕਿਰਾਏਦਾਰਾਂ ਦੀ ਥਾਂ ਹੋਰ ਕਿਰਾਏਦਾਰ ਰੱਖਣ ਦਾ ਬਹੁਤ ਵੱਡਾ ਲਾਲਚ ਹੈ ਜਿਹੜੇ ਮਾਰਕੀਟ ਦੀ ਦਰ ਨਾਲੋਂ ਕਾਫੀ ਜ਼ਿਆਦਾ ਕਿਰਾਇਆ ਦੇਣਗੇ। ਮੰਗਲਵਾਰ ਨੂੰ ਪੇਸ਼ ਕੀਤਾ ਕਾਨੂੰਨ ਨਿਯਮ ਦੀ



ਵਰਤੋਂ ਕਰਨ ਵਾਲੇ ਮਕਾਨ ਮਾਲਕਾਂ ਨੂੰ ਯੂਨਿਟ ਦੁਬਾਰਾ ਕਿਰਾਏ ਲਈ ਸੂਚੀਬੱਧ ਕਰਨ ਤੋਂ ਪਹਿਲਾਂ ਉਸ ਵਿਚ ਇਕ ਸਾਲ ਤੱਕ ਰਹਿਣ ਲਈ ਮਜ਼ਬੂਰ ਕਰੇਗਾ ਅਤੇ ਮਾਲਕਾਂ ਨੂੰ ਨਿੱਜੀ ਵਰਤੋਂ ਦੇ ਮਾਮਲਿਆਂ ਵਿਚ ਕਿਰਾਏਦਾਰ ਕੱਢਣ ਦਾ ਨੋਟਿਸ ਤਿਆਰ ਕਰਨ ਲਈ ਨਵੇਂ ਵੈੱਬ ਪੋਰਟਲ ਦੀ ਵਰਤੋਂ ਕਰਨੀ ਪਵੇਗੀ ਤਾਂ ਜੋ ਸਰਕਾਰ ਇਹ ਡਾਟਾ ਇਕੱਤਰ ਕਰ ਸਕੇ ਕਿ ਕਿੰਨੀ ਵਾਰ ਕਿਰਾਏਦਾਰਾਂ ਨੂੰ ਕੱਢਿਆ ਗਿਆ ਹੈ। ਹਾਊਸਿੰਗ ਮੰਤਰੀ ਰਵੀ ਕਾਹਲੋਂ ਦਾ ਕਹਿਣਾ ਕਿ ਘਰ ਖਾਲੀ ਕਰਵਾ ਕੇ ਵੱਧ ਕਿਰਾਇਆ ਦੇਣ ਵਾਲੇ ਨਵੇਂ ਕਿਰਾਏਦਾਰ ਰੱਖਣ ਦੇ ਲਾਲਚ ਕਾਰਨ ਬਜ਼ੁਰਗਾਂ ਵਰਗੇ ਇਕ ਨਿਸ਼ਚਤ ਆਮਦਨ ਵਾਲੇ ਲੋਕਾਂ ਦੇ ਬੇਘਰ ਹੋਣ ਦਾ ਖ਼ਤਰਾ ਹੋ ਸਕਦਾ ਹੈ। ਜੇਕਰ ਨਵਾਂ ਕਾਨੂੰਨ ਪਾਸ ਹੋ ਗਿਆ ਤਾਂ ਮਕਾਨ ਮਾਲਕ ਇਸ ਕਾਰਨ ਕਿਰਾਇਆ ਨਹੀਂ ਵਧਾ ਸਕਣਗੇ ਕਿ ਪਰਿਵਾਰ ਵਿਚ ਇਕ ਨਵਾਂ ਬੱਚਾ ਸ਼ਾਮਿਲ ਹੋਇਆ ਹੈ ਭਾਵੇਂ ਕਿਰਾਏਦਾਰੀ ਸਮਝੌਤਾ ਇਹ ਕਹਿੰਦਾ ਹੋਵੇ ਕਿ ਜਦੋਂ ਕੋਈ ਨਵਾਂ ਵਿਅਕਤੀ ਯੂਨਿਟ ਵਿਚ ਆਵੇਗਾ ਤਾਂ ਕਿਰਾਇਆ ਵਧਾਇਆ ਜਾਵੇਗਾ। ਸਰਕਾਰ ਸਮੱਸਿਆ ਵਾਲੇ ਕਿਰਾਏਦਾਰਾਂ ਤੋਂ ਮਕਾਨ ਖਾਲੀ ਕਰਵਾਉਣ ਦੇ ਮਾਪਦੰਡ ਨੂੰ ਸਪਸ਼ਟ ਕਰਨ ਅਤੇ ਉਨ੍ਹਾਂ ਮਾਮਲਿਆਂ ਨੂੰ ਹੱਲ ਕਰਨ ਵਿਚ ਲਚਕੀਲਾਪਨ ਲਿਆਉਣ ਦਾ ਵੀ ਵਾਅਦਾ ਕਰ ਰਹੀ ਹੈ।

## ਮਿਊਜ਼ਮ ਲਿਬਰੇਸ਼ਨ ਫੋਰਸ ਗਰੁੱਪ ਵਲੋਂ ਬੀਸੀ ਸਰਕਾਰ 'ਤੇ ਸਾਊਥ ਏਸ਼ੀਅਨ ਕੈਨੇਡੀਅਨ ਅਜਾਇਬ ਘਰ ਬਣਾਉਣ 'ਤੇ ਜ਼ੋਰ

ਸਰੀ-ਇਥੋਂ ਦਾ ਇਕ ਗਰੁੱਪ ਲਿਬਰੇਸ਼ਨ ਫੋਰਸ ਗਰੁੱਪ ਬੀਸੀ ਵਿਚ ਸਾਊਥ ਏਸ਼ੀਅਨ ਕੈਨੇਡੀਅਨ ਅਜਾਇਬ ਘਰ ਬਣਾਉਣ ਲਈ ਬੀਸੀ ਸਰਕਾਰ 'ਤੇ ਜ਼ੋਰ ਦੇ ਰਿਹਾ ਹੈ। ਕੁਝ ਦਿਨ ਪਹਿਲਾਂ ਗਰੁੱਪ ਨੇ ਮੀਟਿੰਗ ਕਰਕੇ ਨਾ ਸਿਰਫ ਅਜਾਇਬ ਘਰ ਲਈ ਕਾਰਵਾਈ ਕਰਨ ਸਗੋਂ ਕਮਿਊਨਿਟੀ ਦੀ ਏਕਤਾ ਅਤੇ ਸ਼ਕਤੀਕਰਨ ਦਾ ਵੀ ਸੱਦਾ ਦਿੱਤਾ ਗਿਆ। ਉਧਰ ਬੀਸੀ ਸਰਕਾਰ ਨੇ ਅਪਡੇਟ ਕੀਤੀ ਵੈੱਬਸਾਈਟ ਅਤੇ ਆਨਲਾਈਨ ਸਰਵੇਖਣ ਨਾਲ ਪ੍ਰਾਜੈਕਟ 'ਤੇ ਕੇਂਦਰਿਤ ਜਨਤਕ ਸ਼ਮੂਲੀਅਤ ਦੇ ਵਿਸਥਾਰ ਦੀ ਸ਼ੁਰੂਆਤ ਕੀਤੀ ਹੈ। ਮਿਊਜ਼ਮ ਲਿਬਰਸ਼ਨ ਲਿਬਰੇਸ਼ਨ ਗਰੁੱਪ ਨਾਂਅ ਦੇ ਲਾਬੀ ਗਰੁੱਪ ਇਹ ਜਾਨਣਾ ਚਾਹੁੰਦਾ ਹੈ ਕਿ ਬੀਸੀ ਸਰਕਾਰ ਦੇ ਸਾਲ ਪਹਿਲਾਂ ਐਲਾਨੇ ਅਜਾਇਬ ਘਰ ਦਾ ਜ਼ਮੀਨੀ ਕੰਮ ਸ਼ੁਰੂ ਕਰਨ ਲਈ ਇੰਨਾ ਲੰਬਾ ਸਮਾਂ ਕਿਉਂ ਲੈ ਰਹੀ ਹੈ। ਗਰੁੱਪ ਨੇ ਕਿਹਾ ਕਿ ਥੋੜੀ ਜਿਹੀ ਹਿਲਜੁਲ ਨਾਲ ਕਮਿਊਨਿਟੀ ਸ਼ਮੂਲੀਅਤ ਪ੍ਰਕਿਰਿਆ ਸ਼ੁਰੂ ਕਰਨ ਦੇ ਵਾਅਦੇ ਕੀਤੇ ਗਏ ਹਨ। ਪਿਛਲੇ ਸਾਲ ਅਕਤੂਬਰ ਵਿਚ ਬੀਸੀ ਦਾ ਦੱਖਣੀ ਏਸ਼ੀਅਨ ਕੈਨੇਡੀਅਨ ਅਜਾਇਬ ਘਰ ਦੀ ਯੋਜਨਾ ਬਣਾਉਣ ਲਈ ਜਨਤਕ ਸ਼ਮੂਲੀਅਤ ਦਾ ਪਹਿਲਾ ਪੜਾਅ ਸ਼ੁਰੂ ਕੀਤਾ ਗਿਆ ਸੀ। ਇਸ ਅਜਾਇਬ ਘਰ ਦਾ ਉਦੇਸ਼ ਵੱਖ ਵੱਖ ਦੱਖਣੀ ਏਸ਼ੀਅਨ ਵਿਰਾਸਤਾਂ ਵਾਲੇ ਕੈਨੇਡੀਅਨਾਂ ਦੇ ਇਤਿਹਾਸ, ਸਭਿਆਚਾਰ ਅਤੇ ਉਨ੍ਹਾਂ ਦੇ ਬੀਸੀ ਵਿਚ ਯੋਗਦਾਨਾਂ ਨੂੰ ਉਜਾਗਰ ਕਰਨਾ ਹੈ।

## ਫਿਨਲੈਂਡ ਦੇ ਸਕੂਲ 'ਚ ਹੋਈ ਗੋਲੀਬਾਰੀ ਵਿਚ ਇਕ ਵਿਦਿਆਰਥੀ ਦੀ ਮੌਤ, ਦੋ ਜ਼ਖਮੀ

ਹੇਲਸਿੰਕੀ-ਫਿਨਲੈਂਡ ਦੇ ਇੱਕ ਸਕੂਲ ਵਿਚ ਮੰਗਲਵਾਰ ਨੂੰ ਗੋਲੀਬਾਰੀ ਹੋਈ ਸੀ। ਸੀ.ਐੱਨ.ਐੱਨ. ਦੀ ਰਿਪੋਰਟ ਮੁਤਾਬਕ ਇਸ ਵਿਚ ਇੱਕ ਵਿਦਿਆਰਥੀ ਦੀ ਮੌਤ ਹੋ ਗਈ ਹੈ। ਦੋ ਜ਼ਖਮੀ ਹਨ। 12 ਸਾਲਾ ਹਮਲਾਵਰ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਹੈ। ਮਾਰੇ ਗਏ ਵਿਦਿਆਰਥੀ ਦੀ ਉਮਰ 12 ਸਾਲ ਦੱਸੀ ਜਾ ਰਹੀ ਹੈ। ਮੁਲਜ਼ਮ ਅਤੇ ਮ੍ਰਿਤਕ ਵਿਦਿਆਰਥੀ ਇੱਕੋ ਸਕੂਲ ਵਿੱਚ ਪੜ੍ਹਦੇ ਹਨ। ਗੋਲੀਬਾਰੀ ਕਰਨ ਤੋਂ ਬਾਅਦ ਹਮਲਾਵਰ ਫ਼ਰਾਰ ਹੋ ਗਿਆ ਪਰ ਕੁਝ ਸਮੇਂ ਬਾਅਦ ਪੁਲਿਸ ਨੇ ਉਸ ਨੂੰ ਹਿਰਾਸਤ ਵਿਚ ਲੈ ਲਿਆ। ਇਹ ਘਟਨਾ ਰਾਜਧਾਨੀ ਹੇਲਸਿੰਕੀ ਦੇ ਇੱਕ ਉਪਨਗਰੀ ਇਲਾਕੇ ਵਿੱਚ ਵਾਪਰੀ। ਜਾਣਕਾਰੀ ਅਨੁਸਾਰ ਘਟਨਾ ਸਵੇਰੇ 9 ਵਜੇ ਵਿਰਟੋਲਾ ਸਕੂਲ ਵਿੱਚ ਵਾਪਰੀ। ਸਕੂਲ ਪ੍ਰਸ਼ਾਸਨ ਨੇ ਪੁਲਿਸ ਨੂੰ ਬੁਲਾਇਆ। ਦੋਸ਼ੀ ਵਿਦਿਆਰਥੀ ਆਪਣੇ ਰਿਸ਼ਤੇਦਾਰ ਦੀ ਲਾਈਸੈਂਸੀ ਹੈਂਡਗੰਨ ਲੈ ਕੇ ਆਇਆ ਸੀ। ਪੁਲਿਸ ਮੁਤਾਬਕ ਘਟਨਾ ਦੀ ਜਾਂਚ ਜਾਰੀ ਹੈ। ਹੁਣ ਤੱਕ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਮੁਲਜ਼ਮ ਨੇ ਗੋਲੀ ਕਿਉਂ ਚਲਾਈ? ਮੁਲਜ਼ਮਾਂ ਖ਼ਿਲਾਫ਼ ਕਤਲ ਅਤੇ ਕਤਲ ਦੀ ਕੋਸ਼ਿਸ਼ ਦੇ ਦੋਸ਼ ਦਰਜ ਕੀਤੇ ਗਏ ਹਨ। ਗੋਲੀਬਾਰੀ ਦੌਰਾਨ ਸਾਰੇ ਵਿਦਿਆਰਥੀ ਆਪਣੇ ਕਲਾਸ ਦੇ ਕਮਰਿਆਂ ਵਿੱਚ ਬੰਦ ਸਨ। ਪ੍ਰਸ਼ਾਸਨ ਦੇ ਲੋਕ ਵੀ ਉਦੋਂ ਤੱਕ ਬਾਹਰ ਨਹੀਂ ਆਏ ਜਦੋਂ ਤੱਕ ਪੁਲਿਸ ਨੇ ਉਨ੍ਹਾਂ ਨੂੰ ਪੂਰੀ ਸੁਰੱਖਿਆ ਦਾ ਭਰੋਸਾ ਨਹੀਂ ਦਿੱਤਾ।

## ਗੁੰਮਰਾਹਕੁੰਨ ਇਸ਼ਤਿਹਾਰ ਮਾਮਲੇ ਵਿਚ ਰਾਮਦੇਵ ਨੇ ਸੁਪਰੀਮ ਕੋਰਟ 'ਚ ਮੰਗੀ ਮੁਆਫੀ

ਨਵੀਂ ਦਿੱਲੀ-ਗੁੰਮਰਾਹਕੁੰਨ ਇਸ਼ਤਿਹਾਰ ਮਾਮਲੇ 'ਚ ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਬਾਬਾ ਰਾਮਦੇਵ ਅਤੇ ਪਤੰਜਲੀ ਆਯੁਰਵੇਦ ਦੇ ਮੈਨੇਜਿੰਗ ਡਾਇਰੈਕਟਰ ਆਚਾਰੀਆ ਬਾਲਕ੍ਰਿਸ਼ਨ ਨੂੰ ਜਵਾਬ ਦਾਇਰ ਕਰਨ ਦਾ ਆਖਰੀ ਮੌਕਾ ਦਿੱਤਾ ਹੈ। ਅਦਾਲਤ ਨੇ ਇੱਕ ਹਫ਼ਤੇ ਵਿੱਚ ਜਵਾਬ ਦਾਖ਼ਲ ਕਰਨ ਲਈ ਕਿਹਾ ਹੈ। ਅਗਲੀ ਸੁਣਵਾਈ 10 ਅਪ੍ਰੈਲ ਨੂੰ ਹੋਵੇਗੀ। ਅਦਾਲਤ ਨੇ ਕਿਹਾ ਕਿ ਰਾਮਦੇਵ ਅਤੇ ਬਾਲਕ੍ਰਿਸ਼ਨ ਨੂੰ ਸੁਣਵਾਈ ਮੌਕੇ ਹਾਜ਼ਰ ਹੋਣਾ ਚਾਹੀਦਾ ਹੈ। ਅੱਜ ਸੁਣਵਾਈ ਦੌਰਾਨ ਰਾਮਦੇਵ ਦੇ ਵਕੀਲ ਬਲਵੀਰ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਯੋਗ ਗੁਰੂ ਮੁਆਫੀ ਮੰਗਣ ਲਈ ਇੱਥੇ ਮੌਜੂਦ ਹਨ। ਭੀੜ ਹੋਣ ਕਾਰਨ ਅਦਾਲਤ ਵਿੱਚ ਨਹੀਂ ਆ ਸਕੇ। ਹਲਫ਼ਨਾਮਾ ਦੇਖਣ ਤੋਂ ਬਾਅਦ ਅਦਾਲਤ ਨੇ ਫਟਕਾਰ ਲਗਾਈ ਅਤੇ ਕਿਹਾ ਕਿ ਇਹ ਸਹੀ ਹਲਫ਼ਨਾਮਾ ਨਹੀਂ ਹੈ। ਬਲਵੀਰ ਸਿੰਘ ਨੇ ਮੁਆਫੀਨਾਮਾ ਪੜ੍ਹ ਕੇ ਸੁਣਾਇਆ ਤਾਂ ਅਦਾਲਤ ਨੇ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਹੁਕਮਾਂ ਦੀ ਉਲੰਘਣਾ ਕਰਨ ਵਾਲਾ ਮੁਆਫੀ ਮੰਗਦਾ ਹੈ।

**Injured in an accident?**

**ICBC claim?**

**We can help.**

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.

604-449-7500

RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.randhawalaw.ca
200 – 6245 136th Street, Surrey, BC.








# ਉੱਘੇ ਕਾਲਮ ਨਵੀਸ, ਸਾਹਿਤਕਾਰ ਅਤੇ ਬਹੁਪੱਖੀ ਸ਼ਖ਼ਸੀਅਤ ਸੁੱਚਾ ਸਿੰਘ ਕਲੇਰ 'ਸਰਵੋਤਮ ਸਾਹਿਤਕਾਰ ਐਵਾਰਡ' ਨਾਲ ਸਨਮਾਨਿਤ

ਸਰੀ (ਹਰਦਮ ਮਾਨ)-ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ ਬੀਤੇ ਦਿਨ ਆਪਣਾ ਸਲਾਨਾ ਸਮਾਗਮ ਸਰੀ ਵਿਖੇ ਕਰਵਾਇਆ ਗਿਆ। ਇਸ ਪ੍ਰਭਾਵਸ਼ਾਲੀ ਸਮਾਗਮ ਵਿੱਚ ਪੰਜਾਬੀ ਦੇ ਉੱਘੇ ਕਾਲਮ ਨਵੀਸ, ਸਾਹਿਤਕਾਰ ਅਤੇ ਬਹੁਪੱਖੀ ਸ਼ਖ਼ਸੀਅਤ ਸੁੱਚਾ ਸਿੰਘ ਕਲੇਰ ਨੂੰ ਸਾਲ 2024 ਲਈ 'ਸਰਵੋਤਮ ਸਾਹਿਤਕਾਰ ਐਵਾਰਡ' ਨਾਲ ਸਨਮਾਨਿਆ ਗਿਆ। ਸਮਾਗਮ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਰਾਇ ਅਜ਼ੀਜ਼ ਉਲਾ ਖਾਨ, ਅਜਮੇਰ ਰੋਡੇ ਅਤੇ ਹਰਪਾਲ ਸਿੰਘ ਬਰਾੜ ਨੇ ਕੀਤੀ। ਸਮਾਗਮ ਵਿਚ ਸਾਹਿਤਕ, ਸਮਾਜਿਕ ਅਤੇ ਕਾਰੋਬਾਰੀ ਖੇਤਰ ਦੀਆਂ ਅਹਿਮ ਸ਼ਖ਼ਸੀਅਤਾਂ ਸ਼ਾਮਲ ਹੋਈਆਂ। ਸੁੱਚਾ ਸਿੰਘ ਕਲੇਰ ਦੇ ਜੀਵਨ, ਉਹਨਾਂ ਦੇ ਪੱਤਰਕਾਰੀ ਅਤੇ ਸਾਹਿਤਕ ਕਾਰਜ, ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਲਈ ਕੀਤੇ ਉਦਮ ਅਤੇ ਪੰਜਾਬੀ ਭਾਈਚਾਰੇ ਲਈ ਪਾਏ ਬੇਹੱਦ ਯੋਗਦਾਨ ਦੀ ਸ਼ਲਾਘਾ ਕਰਦਿਆਂ ਪ੍ਰਸਿੱਧ ਸਾਹਿਤਕਾਰ ਹਰਚੰਦ ਸਿੰਘ ਬਾਗੜੀ ਨੇ ਕਿਹਾ ਕਿ ਸੁੱਚਾ ਸਿੰਘ ਕਲੇਰ ਦੇ ਦਿਲ ਅੰਦਰ ਭਾਈਚਾਰੇ ਦੀ ਪਛਾਣ ਅਤੇ ਤਰੱਕੀ ਲਈ ਅਥਾਹ ਜਜ਼ਬਾ ਹੈ। ਉਨ੍ਹਾਂ ਵੱਲੋਂ ਵੈਨਕੂਵਰ ਵਿਚ ਪੰਜਾਬੀ ਮਾਰਕੀਟ ਦੀ ਸਥਾਪਨਾ ਲਈ ਕੀਤੀ ਘਾਲਣਾ ਅਤੇ ਸੰਘਰਸ਼ ਇਸ ਦੀ ਜਿਉਂਦੀ ਜਾਗਦੀ ਮਿਸਾਲ ਹੈ। ਉਹ ਬਹੁਤ ਹੀ ਨੇਕ ਇਨਸਾਨ ਹਨ। ਭਾਈਚਾਰੇ ਦਾ ਸਹੀ ਮਾਰਗ ਦਰਸ਼ਨ ਕਰਨ ਵਿੱਚ ਵੀ ਉਹਨਾਂ ਦਾ ਅਹਿਮ ਯੋਗਦਾਨ ਹੈ। ਕਾਰੋਬਾਰੀ ਖੇਤਰ ਦੀ ਨਾਮਵਰ ਸ਼ਖ਼ਸੀਅਤ ਬਲਦੇਵ ਸਿੰਘ ਬਾਠ ਨੇ ਸੁੱਚਾ ਸਿੰਘ ਕਲੇਰ ਨੂੰ ਬੇਹੱਦ ਸਬਰ ਸੰਤੋਖ ਅਤੇ ਠਰੰਮੇ ਦਾ ਮਾਲਕ ਦਸਦਿਆਂ ਕਿਹਾ ਕਿ ਉਹਨਾਂ ਨੇ ਅਨੇਕਾਂ





ਕਾਰੋਬਾਰੀਆਂ ਨੂੰ ਯੋਗ ਅਗਵਾਈ ਪ੍ਰਦਾਨ ਕੀਤੀ ਹੈ। ਪ੍ਰਿਤਪਾਲ ਸਿੰਘ ਗਿੱਲ ਨੇ ਕਿਹਾ ਕਿ ਸੁੱਚਾ ਸਿੰਘ ਕਲੇਰ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਵਾਸਤੇ ਲੰਮਾਂ ਸਮਾਂ ਸੇਵਾਵਾਂ ਦਿੱਤੀਆਂ ਹਨ ਅਤੇ ਉਹਨਾਂ ਦੀਆਂ ਸ਼ਾਨਦਾਰ ਸੇਵਾਵਾਂ ਸਦਕਾ ਅੱਜ ਇਹ ਸਭਾ ਭਾਈਚਾਰੇ ਵਿਚ ਮਾਣਮੱਤਾ ਸਥਾਨ ਹਾਸਲ ਕਰ ਚੁੱਕੀ ਹੈ। ਉਹਨਾਂ ਕਿਹਾ ਕਿ ਸੁੱਚਾ ਸਿੰਘ ਕਲੇਰ ਦਾ ਸਨਮਾਨ ਅਸਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਹੀ ਸਨਮਾਨ ਹੈ। ਰਾਇ ਅਜ਼ੀਜ਼ ਉਲਾ ਖਾਨ ਨੇ ਸੁੱਚਾ ਸਿੰਘ ਕਲੇਰ ਵੱਲੋਂ ਪੰਜਾਬੀ ਕਮਿਊਨਿਟੀ ਲਈ ਪਾਏ ਯੋਗਦਾਨ ਦੀ ਪ੍ਰਸੰਸਾ ਕੀਤੀ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਉਹਨਾਂ ਨੂੰ ਸਨਮਾਨਿਤ ਕਰਨ ਦੇ ਕਾਰਜ ਨੂੰ ਸ਼ੁੱਭ ਕਦਮ ਦੱਸਿਆ। ਸਾਬਕਾ ਮੰਤਰੀ ਡੇਵ ਹੇਅਰ ਨੇ ਸੁੱਚਾ ਸਿੰਘ ਕਲੇਰ ਨਾਲ ਆਪਣੇ ਲੰਮੇਰੇ ਸੰਬੰਧਾਂ ਦੀ ਗੱਲ ਕੀਤੀ ਅਤੇ ਉਹਨਾਂ ਵੱਲੋਂ 'ਇੰਡੋ ਕਨੇਡੀਅਨ ਟਾਈਮਜ਼' ਅਖ਼ਬਾਰ ਅਤੇ ਭਾਈਚਾਰੇ ਲਈ ਕੀਤੇ ਕਾਰਜ ਦੀ ਸ਼ਲਾਘਾ ਕੀਤੀ। ਪ੍ਰੋਫੈਸਰ ਕਸ਼ਮੀਰਾ ਸਿੰਘ, ਮੋਤਾ ਸਿੰਘ ਝੀਤਾ, ਸੁਰਜੀਤ ਸਿੰਘ ਮਾਧੋਪੁਰੀ, ਹਰਪਾਲ ਸਿੰਘ ਬਰਾੜ, ਕਵਿੰਦਰ ਚਾਂਦ, ਅੰਗਰੇਜ਼ ਬਰਾੜ, ਹਰਦਮ ਸਿੰਘ ਮਾਨ, ਦਰਸ਼ਨ ਸੰਘਾ, ਪਰਮਿੰਦਰ ਸਵੈਚ, ਅਜਮੇਰ ਰੋਡੇ, ਸੁਰਜੀਤ ਕਲਸੀ, ਜੋਗਿੰਦਰ ਸਿੰਘ ਸੁੰਨੜ, ਹਰਜਿੰਦਰ ਸਿੰਘ ਠਾਣਾ, ਪਲਵਿੰਦਰ ਸਿੰਘ ਰੰਧਾਵਾ ਅਤੇ ਹਰਜੀਤ ਕੌਰ ਢਿੱਲੋਂ ਨੇ ਇਸ ਮੌਕੇ ਬੋਲਦਿਆਂ ਸੁੱਚਾ ਸਿੰਘ ਕਲੇਰ ਦੀ ਸ਼ਖ਼ਸੀਅਤ ਦੇ ਵੱਖ ਵੱਖ ਪਹਿਲੂਆਂ 'ਤੇ ਚਾਨਣਾ ਪਾਇਆ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਇਸ ਸਰਵੋਤਮ ਅਵਾਰਡ ਲਈ ਉਹਨਾਂ ਦੀ ਚੋਣ ਕਰਨ 'ਤੇ ਸਭਾ ਅਤੇ ਸ. ਕਲੇਰ ਨੂੰ ਵਧਾਈ ਦਿੱਤੀ। ਇਨ੍ਹਾਂ ਬੁਲਾਰਿਆਂ ਨੇ ਸੁੱਚਾ ਸਿੰਘ ਕਲੇਰ ਨੂੰ ਇੱਕ ਸੁੱਚਾ ਮੋਤੀ ਦੱਸਿਆ ਅਤੇ ਇਸ ਹੀਰੇ ਦੀ ਪਛਾਣ ਕਰਨ ਲਈ ਸਭਾ ਦਾ ਧੰਨਵਾਦ ਕੀਤਾ। ਸਨਮਾਨਿਤ ਸਖਸ਼ੀਅਤ ਸੁੱਚਾ ਸਿੰਘ ਕਲੇਰ ਨੇ ਇਸ ਮੌਕੇ ਸਮਾਗਮ ਵਿੱਚ ਹਾਜ਼ਰ ਸਭਨਾ ਪ੍ਰਸ਼ੰਸਕਾਂ, ਸਿਨੇਹੀਆਂ, ਬੁਲਾਰਿਆਂ, ਵਿਦਵਾਨਾਂ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਹੁਦੇਦਾਰਾਂ ਦਾ ਸ਼ੁਕਰੀਆ ਅਦਾ ਕੀਤਾ। ਉਹਨਾਂ ਕਿਹਾ ਕਿ ਇਸ ਸਨਮਾਨ ਸਮੁੱਚੇ ਭਾਈਚਾਰੇ ਵੱਲੋਂ ਮਿਲੇ ਸਹਿਯੋਗ, ਪਿਆਰ, ਸਤਿਕਾਰ ਦਾ ਪ੍ਰਤੀਕ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੈਨੂੰ ਇਸ ਗੱਲ ਬੇਹੱਦ ਖ਼ੁਸ਼ੀ ਹੈ ਕਿ ਕੇਂਦਰੀ ਪੰਜਾਬੀ ਲੇਖਕ ਸਭਾ (ਉਤਰੀ ਅਮਰੀਕਾ) ਦਾ ਜੋ ਬੂਟਾ ਅਸੀਂ ਆਪਣੇ ਹੱਥੀਂ ਲਾਇਆ ਸੀ, ਅੱਜ ਉਹ ਇੱਕ ਘਣਛਾਵਾਂ ਰੁੱਖ ਬਣ ਚੁੱਕਾ ਹੈ ਅਤੇ ਅੱਜ ਅਸੀਂ ਉਸ ਦੀ ਸੰਘਣੀ ਛਾਂ ਮਾਣ ਰਹੇ ਹਾਂ। ਅੰਤ ਵਿੱਚ ਦਰਸ਼ਕਾਂ ਦੇ ਭਰਵੇਂ ਇਕੱਠ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਹੁਦੇਦਾਰਾਂ ਅਤੇ ਵੱਖ ਵੱਖ ਖੇਤਰਾਂ ਦੀਆਂ ਅਹਿਮ ਸ਼ਖ਼ਸੀਅਤਾਂ ਨੇ ਸੁੱਚਾ ਸਿੰਘ ਕਲੇਰ ਨੂੰ 'ਸਰਵੋਤਮ ਸਾਹਿਤਕਾਰ ਐਵਾਰਡ-2024' ਪ੍ਰਦਾਨ ਕਰਨ ਦੀ ਰਸਮ ਅਦਾ ਕੀਤੀ। ਇਸ ਮੌਕੇ ਸੁੱਚਾ ਸਿੰਘ ਕਲੇਰ ਦਾ ਸਮੁੱਚਾ ਪਰਿਵਾਰ ਵੀ ਮੌਜੂਦ ਸੀ। ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਮਾਗਮ ਲਈ ਆਪਣਾ ਕੀਮਤੀ ਸਮਾਂ ਦੇਣ ਲਈ ਤਮਾਮ ਹਾਜ਼ਰੀਨ ਦਾ ਧੰਨਵਾਦ ਕੀਤਾ।




mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


UP TO 50% OFF
Ballowal
FURNISHINGS
$598
QUEEN STORAGE BED
$1498
3 PCS SOFA SET
$498
5 PCS DINING SET
$1998
2 PCS LEATHER RECLINER SET
$598
3 PCS COFFEE TABLE
$848
6 PCS DINING SET
$1298
6 PCS DINING SET
778-564-0202
8385 120 St, Delta, BC V4C 6RI, Canada.
www.ballowalfurnishing.ca


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

THANK YOU FOR MAKING US

2022

*Outstanding Achievement*

*National* TOP 20%

# PRIVATE MORTGAGES

**No Worries... We Can Help!**

Easily available Private Mortgage could be just what you need.

- ★ Up to $5 million available
- ★ $10,000 to $1 million in just 24 Hours



- ★ Residential Mortgages
- ★ Commercial Mortgages
- ★ Construction Mortgages
- ★ New Immigrants
- ★ Second Mortgages
- ★ First Time Home Buyers

invis
Canada's Mortgage Experts™
MORTGAGE INTELLIGENCE®

Call today to get started

**SANJEEV KATYAL**

**604.767.5194**

info@katyalmortgage.ca

WWW.KATYALMORTGAGE.CA

# 50 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਾ ਐੱਸ.ਐੱਮ.ਓ. ਵਿਜੀਲੈਂਸ ਬਿਊਰੋ ਵਲੋਂ ਕਾਬੂ

ਚੰਡੀਗੜ੍ਹ-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਜਾ ਰਹੀ ਮੁਹਿਮ ਦੌਰਾਨ ਬੁੱਧਵਾਰ ਨੂੰ ਸਰਕਾਰੀ ਸਿਵਲ




ਹਸਪਤਾਲ ਤਰਨਤਾਰਨ ਵਿਖੇ ਸੀਨੀਅਰ ਮੈਡੀਕਲ ਅਫਸਰ (ਐਸ.ਐਮ.ਓ.) ਵਜੋਂ ਤਾਇਨਾਤ ਡਾਕਟਰ ਕੰਵਲਜੀਤ ਸਿੰਘ ਨੂੰ 50,000 ਰੁਪਏ ਦੀ ਰਿਸ਼ਵਤ ਦੀ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਪੀਸੀਐਮਐ ਡਾਕਟਰ ਨੂੰ ਧਰਮਬੀਰ ਸਿੰਘ ਵਾਸੀ ਗਲੀ ਮਾਤਾ ਲਾਚੋ ਵਾਲੀ, ਨੇੜੇ ਭਗਤ ਨਾਮ ਦੇਵ ਜੀ ਗੁਰਦੁਆਰਾ, ਤਰਨਤਾਰਨ ਸ਼ਹਿਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਕਿ ਉਹ ਹਸਪਤਾਲ ਦੇ ਅੰਦਰ ਠੇਕੇ 'ਤੇ ਕੰਟੀਨ ਚਲਾ ਰਿਹਾ ਹੈ ਪਰ ਉਕਤ ਐਸ.ਐਮ.ਓ. ਕੰਟੀਨ ਦੀ ਸਫ਼ਾਈ ਅਤੇ ਖਾਣੇ ਦੀ ਗੁਣਵੱਤਾ ਆਦਿ ਦੇ ਬਹਾਨੇ ਬਣਾਕੇ ਉਸ ਨੂੰ ਤੰਗ-ਪ੍ਰੇਸ਼ਾਨ ਕਰ ਰਿਹਾ ਹੈ। ਸ਼ਿਕਾਇਤਕਰਤਾ ਨੇ ਇਹ ਵੀ ਇਲਜ਼ਾਮ ਲਾਇਆ ਕਿ ਐੱਸ.ਐੱਮ.ਓ. ਨੇ ਰਿਸ਼ਵਤ ਦੀ ਰਕਮ ਨਾ ਦੇਣ ਦੀ ਸੂਰਤ ਵਿੱਚ ਕੰਟੀਨ ਦਾ ਠੇਕਾ ਖਤਮ ਕਰਨ ਦੀ ਧਮਕੀ ਵੀ ਦਿੱਤੀ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਵੱਲੋਂ ਜਾਲ ਵਿਛਾਇਆ ਗਿਆ ਜਿਸ ਵਿੱਚ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 50,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

## ਦਿੱਲੀ ਸ਼ਰਾਬ ਨੀਤੀ ਕੇਸ ਵਿਚ 'ਆਪ' ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੂੰ ਮਿਲੀ ਜ਼ਮਾਨਤ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਮੰਗਲਵਾਰ ਨੂੰ 'ਆਪ' ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੂੰ ਜ਼ਮਾਨਤ ਦੇ ਦਿੱਤੀ ਹੈ। ਸੰਜੇ ਸਿੰਘ ਨੂੰ ਮਨੀ ਲਾਂਡਰਿੰਗ ਮਾਮਲੇ 'ਚ ਪਿਛਲੇ ਸਾਲ 4 ਅਕਤੂਬਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਸੰਜੇ ਸਿੰਘ ਦੇ ਵਕੀਲ ਨੇ ਕਿਹਾ ਕਿ ਉਹ ਇਸ ਕੇਸ ਵਿਚ ਆਪਣੀ ਭੂਮਿਕਾ ਨਾਲ ਸੰਬੰਧਤ ਕੋਈ ਬਿਆਨ ਨਹੀਂ ਦੇਣਗੇ। ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਈਡੀ ਤੋਂ ਪੁੱਛਿਆ ਸੀ ਕਿ ਕੀ ਸੰਜੇ ਸਿੰਘ ਨੂੰ ਜ਼ਿਆਦਾ ਦਿਨਾਂ ਲਈ ਜੇਲ੍ਹ ਵਿੱਚ ਰੱਖਣ ਦੀ ਲੋੜ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਸਾਨੂੰ ਇਹ ਦੇਖਣਾ ਹੋਵੇਗਾ ਕਿ ਗਵਾਹਾਂ ਦੇ ਸਾਹਮਣੇ ਉਨ੍ਹਾਂ ਦੇ ਬਿਆਨ ਲਏ ਗਏ ਹਨ ਜਾਂ ਨਹੀਂ। ਉਹ 6 ਮਹੀਨੇ ਜੇਲ੍ਹ ਵਿੱਚ ਰਹੇ। ਈਡੀ ਨੇ ਅਦਾਲਤ ਨੂੰ ਕਿਹਾ ਕਿ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਇਸ ਤੋਂ ਬਾਅਦ ਅਦਾਲਤ ਨੇ ਸੰਜੇ ਸਿੰਘ ਨੂੰ ਜ਼ਮਾਨਤ ਦੇਣ ਦਾ ਫੈਸਲਾ ਸੁਣਾਇਆ। ਇਸ ਸਾਲ ਜਨਵਰੀ ਵਿਚ, ਈਡੀ ਨੇ ਦਿੱਲੀ ਸ਼ਰਾਬ ਘੁਟਾਲੇ ਦੇ ਮਾਮਲੇ ਵਿੱਚ ਆਪਣੀ ਚਾਰਜਸ਼ੀਟ ਵਿੱਚ ਸੰਜੇ ਸਿੰਘ ਦਾ ਨਾਮ ਸ਼ਾਮਲ ਕੀਤਾ ਸੀ। ਮਈ 2023 ਵਿੱਚ, ਸੰਜੇ ਸਿੰਘ ਨੇ ਦਾਅਵਾ ਕੀਤਾ ਕਿ ਈਡੀ ਨੇ ਗਲਤੀ ਨਾਲ ਉਸਦਾ ਨਾਮ ਜੋੜ ਲਿਆ ਸੀ। ਇਸ 'ਤੇ ਈਡੀ ਨੇ ਕਿਹਾ ਕਿ ਸਾਡੀ ਚਾਰਜਸ਼ੀਟ 'ਚ ਚਾਰ ਥਾਂਵਾਂ 'ਤੇ ਸੰਜੇ ਸਿੰਘ ਦਾ ਨਾਂ ਲਿਖਿਆ ਗਿਆ ਹੈ। ਇਨ੍ਹਾਂ ਵਿੱਚੋਂ ਤਿੰਨ ਥਾਂਵਾਂ 'ਤੇ ਨਾਮ ਦੀ ਸਪੈਲਿੰਗ ਸਹੀ ਹੈ। ਸਿਰਫ਼ ਇੱਕ ਥਾਂ 'ਤੇ ਟਾਈਪਿੰਗ ਦੀ ਗਲਤੀ ਸੀ।

## 15 ਅਪ੍ਰੈਲ ਤੱਕ ਤਿਹਾੜ ਜੇਲ੍ਹ ਭੇਜੇ ਕੇਜਰੀਵਾਲ, ਬੈਰਕ 'ਚ ਇੱਕਲੇ ਰਹਿਣਗੇ

ਨਵੀਂ ਦਿੱਲੀ-ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਦਿੱਲੀ ਸ਼ਰਾਬ ਆਬਕਾਰੀ ਨੀਤੀ ਮਾਮਲੇ ਵਿਚ 15 ਅਪ੍ਰੈਲ ਤੱਕ ਤਿਹਾੜ ਜੇਲ੍ਹ ਭੇਜ ਦਿੱਤਾ ਗਿਆ ਸੀ। ਉਹ ਜੇਲ੍ਹ ਨੰਬਰ 2 ਵਿਚ ਇਕੱਲੇ ਰਹਿਣਗੇ। 21 ਮਾਰਚ ਤੋਂ ਜੇਲ੍ਹ ਵਿੱਚ ਬੰਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਸੰਬੰਧਤ ਦੋ ਕੇਸਾਂ ਦੀ ਸੁਣਵਾਈ ਰਾਊਜ਼ ਐਵੇਨਿਊ ਕੋਰਟ ਅਤੇ ਦਿੱਲੀ ਹਾਈਕੋਰਟ ਵਿੱਚ ਹੋਈ। ਕੇਜਰੀਵਾਲ ਨੇ ਜੇਲ੍ਹ ਪ੍ਰਸ਼ਾਸਨ ਨੂੰ 6 ਲੋਕਾਂ ਦੀ ਸੂਚੀ ਦਿੱਤੀ ਹੈ ਜੋ ਕਾਨੂੰਨ ਤਹਿਤ ਉਨ੍ਹਾਂ ਨਾਲ ਮੁਲਾਕਾਤ ਕਰ ਸਕਦੇ ਹਨ। ਇਸ ਸੂਚੀ 'ਚ ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ, ਬੇਟੇ ਪੁਲਕਿਤ-ਧੀ ਹਰਸ਼ਿਤਾ, ਨਿੱਜੀ ਸਕੱਤਰ ਵਿਭਵ ਕੁਮਾਰ, 'ਆਪ' ਦੇ ਜਨਰਲ ਸਕੱਤਰ ਸੰਦੀਪ ਪਾਠਕ ਅਤੇ ਇਕ ਦੋਸਤ ਦੇ ਨਾਂ ਸ਼ਾਮਿਲ ਹਨ। ਇਸ ਤੋਂ ਪਹਿਲਾਂ ਰਾਊਜ਼ ਐਵੇਨਿਊ ਕੋਰਟ 'ਚ ਈਡੀ ਨੇ ਦਾਅਵਾ ਕੀਤਾ ਕਿ ਕੇਜਰੀਵਾਲ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਵਿਜੇ ਨਾਇਰ ਆਤਿਸ਼ੀ ਅਤੇ ਸੌਰਭ ਭਾਰਦਵਾਜ ਨੂੰ ਰਿਪੋਰਟ ਕਰਦੇ ਸਨ। ਈਡੀ ਨੇ ਕਿਹਾ ਕਿ ਕੇਜਰੀਵਾਲ ਸਾਡੇ ਨਾਲ ਸਹਿਯੋਗ ਨਹੀਂ ਕਰ ਰਹੇ ਹਨ। ਉਹ ਸਾਨੂੰ ਗੁੰਮਰਾਹ ਕਰ ਰਹੇ ਹਨ। ਇਸ 'ਤੇ ਅਦਾਲਤ ਨੇ ਪੁੱਛਿਆ ਕਿ ਨਿਆਂਇਕ ਹਿਰਾਸਤ ਲਈ ਇਹ ਦਲੀਲਾਂ ਕਿਨੀਆਂ ਜਾਇਜ਼ ਹਨ? ਏਐੱਸਜੀ ਰਾਜੂ ਨੇ ਕਿਹਾ ਕਿ ਕੇਜਰੀਵਾਲ ਆਪਣੇ ਫ਼ੋਨ ਦਾ ਪਾਸਵਰਡ ਸਾਂਝਾ ਨਹੀਂ ਕਰ ਰਹੇ ਹਨ। ਅਸੀਂ ਬਾਅਦ ਵਿੱਚ ਉਨ੍ਹਾਂ ਦੀ ਈਡੀ ਦੀ ਹਿਰਾਸਤ ਦੀ ਮੰਗ ਕਰਾਂਗੇ। ਇਹ ਸਾਡਾ ਹੱਕ ਹੈ। ਇਸ ਤੋਂ ਬਾਅਦ ਅਦਾਲਤ ਨੇ ਅਰਵਿੰਦ ਕੇਜਰੀਵਾਲ ਨੂੰ 15 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ।

## ਵਿਜੀਲੈਂਸ ਕਰਮਚਾਰੀਆਂ ਦੇ ਨਾਮ 'ਤੇ 2,50,000 ਰੁਪਏ ਰਿਸ਼ਵਤ ਲੈਣ ਵਾਲੇ ਦੋ ਕਾਬੂ

ਚੰਡੀਗੜ੍ਹ-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿਮ ਤਹਿਤ ਸੋਮਵਾਰ ਨੂੰ ਵਿਜੀਲੈਂਸ ਦੇ ਕਰਮਚਾਰੀਆਂ ਦੇ ਨਾਮ ਉਪਰ 2,50,000 ਰੁਪਏ ਰਿਸ਼ਵਤ ਲੈਣ ਵਾਲੇ ਦੋ ਆਮ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਪਛਾਣ ਪਰਮਜੀਤ ਸਿੰਘ ਉਰਫ਼ ਪੰਮਾ ਵਾਸੀ ਪਿੰਡ ਡਰੋਲੀ ਜ਼ਿਲ੍ਹਾ ਪਟਿਆਲਾ ਅਤੇ ਸਾਹਿਲ ਗੋਇਲ ਵਾਸੀ ਪਟਿਆਲਾ ਵਜੋਂ ਹੋਈ ਹੈ। ਉਕਤ ਮੁਲਜ਼ਮਾਂ ਨੂੰ ਪਟਿਆਲਾ ਜ਼ਿਲ੍ਹੇ ਦੇ ਪਿੰਡ ਅਰਨੇਟੂ ਦੇ ਵਸਨੀਕ ਜਗਸੀਰ ਸਿੰਘ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਅਧਾਰ 'ਤੇ ਕਾਬੂ ਕੀਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਕਤ ਦੋਵੇਂ ਮੁਲਜ਼ਮਾਂ ਨੇ ਸ਼ਿਕਾਇਤਕਰਤਾ ਦੀ ਮਾਤਾ ਵੱਲੋਂ ਪਿੰਡ ਦੇ ਵਿਕਾਸ ਕਾਰਜਾਂ ਵਿੱਚ ਕੀਤੀ ਕਥਿਤ ਧਾਂਦਲੀ ਦੇ ਦੋਸ਼ਾਂ ਸੰਬੰਧੀ ਚੱਲ ਰਹੀ ਜਾਂਚ ਵਿੱਚ ਵਿਜੀਲੈਂਸ ਬਿਊਰੋ ਦੇ ਕਰਮਚਾਰੀਆਂ ਰਾਹੀਂ ਮੱਦਦ ਕਰਨ ਬਦਲੇ 2,50,000 ਰੁਪਏ ਰਿਸ਼ਵਤ ਲਈ ਸੀ। ਬੁਲਾਰੇ ਨੇ ਅੱਗੇ ਦੱਸਿਆ ਕਿ ਪੜਤਾਲ ਦੌਰਾਨ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ ਸਹੀ-ਵ-ਦਰੁਸਤ ਪਾਏ ਗਏ ਹਨ। ਇਸ ਉਪਰੰਤ ਦੋਵਾਂ ਮੁਲਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7-ਏ ਤਹਿਤ ਮਿਤੀ 28.03 2024 ਥਾਣਾ ਵਿਜੀਲੈਂਸ ਬਿਊਰੋ ਰੇਂਜ ਪਟਿਆਲਾ ਵਿਖੇ ਮੁਕੱਦਮਾ ਨੰਬਰ 16 ਦਰਜ ਕੀਤਾ ਗਿਆ ਹੈ ਅਤੇ ਇਸ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES




"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

ROHITA PANNU LAW CORPORATION




BARRISTER & SOLICITOR SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW
Ph: 604.589.1399
Fax : 604.589.1556
www.rohitapannulaw.com
# 102-9278, 120th St., Surrey, BC V3V 4W8

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥




8000 Khalsa Diwan Road, Vancouver, B.C. Canada, V5X 4C5 Ph. (604) 322-5610, (604) 324-2010, Fax: (604) 565-0500

# ਖਾਲਸਾ ਪੰਥ ਦੇ ਜਨਮ ਦਿਹਾੜੇ ਨੂੰ ਸਮਰਪਿਤ

ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਵਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ

# ਵਿਸਾਖੀ ਨਗਰ ਕੀਰਤਨ

## 13 ਅਪ੍ਰੈਲ 2024, ਦਿਨ ਸ਼ਨਿੱਚਰਵਾਰ

ਨੂੰ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਸਜਾਇਆ ਜਾ ਰਿਹਾ ਹੈ।

* ਨਗਰ ਕੀਰਤਨ ਦਾ ਅਰੰਭਤਾ- ਸਵੇਰ 10:00 ਵਜੇ
* ਨਗਰ ਕੀਰਤਨ ਦੀ ਮੁਕੰਮਲਤਾ- ਸ਼ਾਮ 4:00 ਵਜੇ



## ਪ੍ਰੋਗਰਾਮ ਦਾ ਵੇਰਵਾ

* ਇਲਾਹੀ ਕੀਰਤਨ.............8:00-9:00 ਵਜੇ ਤੱਕ
* ਪਤਵੰਤਿਆਂ ਦਾ ਸਵਾਗਤ......9:00-9:30 ਵਜੇ ਤੱਕ
* ਤਕਰੀਰਾਂ....................9:30-10:40 ਵਜੇ ਤੱਕ
* ਅਰਦਾਸ....................10:45 ਵਜੇ




ਵਿਸਾਖੀ ਸਿੱਖਾਂ ਲਈ ਇੱਕ ਬਹੁਤ ਮਹੱਤਵਪੂਰਨ ਦਿਹਾੜਾ ਹੈ ਅਤੇ ਸਿੱਖ ਕੈਲੰਡਰ ਵਿੱਚ ਸਭ ਤੋਂ ਸ਼ਾਨਦਾਰ ਤੇ ਚੜ੍ਹਦੀ ਕਲਾ ਵਾਲੇ ਸਮਾਗਮਾਂ ਵਿੱਚੋਂ ਇੱਕ ਹੈ। ਇਹ ਹਰ ਸਾਲ ਅਪ੍ਰੈਲ ਦੇ ਅੱਧ ਵਿੱਚ ਹੁੰਦਾ ਹੈ ਅਤੇ ਰਵਾਇਤੀ ਤੌਰ 'ਤੇ ਪੰਜਾਬ ਵਿੱਚ ਸਾਲ ਦੀ ਪਹਿਲੀ ਫ਼ਸਲ ਦੀ ਕਟਾਈ ਨਾਲ ਮੇਲ ਖਾਂਦਾ ਹੈ। ਇਸ ਲਈ ਇਤਿਹਾਸਕ ਤੌਰ 'ਤੇ ਵਿਸਾਖੀ ਇੱਕ ਬਹੁਤ ਹੀ ਖੁਸ਼ੀ ਅਤੇ ਉਤਸ਼ਾਹ ਦਾ ਸਮਾਂ ਹੁੰਦਾ ਹੈ। 1699 ਤੋਂ ਇਸ ਨੇ ਖਾਲਸੇ ਦੀ ਸਿਰਜਣਾ ਦੇ ਬਹੁਤ ਮਹੱਤਵਪੂਰਨ ਧਾਰਮਿਕ ਇਤਿਹਾਸ ਨੂੰ ਨਵੀਂ ਪੀੜ੍ਹੀ ਤੱਕ ਪੁੱਜਦਾ ਕੀਤਾ ਹੈ।

ਕਿਰਪਾ ਕਰਕੇ ਆਓ ਅਤੇ ਵੈਨਕੂਵਰ ਵਿਸਾਖੀ ਪਰੇਡ ਵਿਚ ਸ਼ਾਮਿਲ ਹੋਵੋ।
ਸਾਰਿਆਂ ਲਈ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
ਕ੍ਰਿਪਾ ਕਰ ਕੇ ਆਵਾਜਾਈ ਦੇ ਰਸਤਿਆਂ ਦੀ ਤਬਦੀਲੀ ਅਤੇ ਸੜਕਾਂ ਦੇ ਬੰਦ ਹੋਣ ਬਾਰੇ ਧਿਆਨ ਰੱਖੋ। ਆਪ ਜੀ ਦਾ ਧੰਨਵਾਦ।

### AVAILABLE PARKING FOR SANGAT & RESIDENTS

Parking has been obtained by KDS, but parking is at your discretion. **Please adhere to the strict open and closing times for each lot, otherwise your vehicle will be towed. Note, each lot has a different time.** See map to the right for locations.

- A **Fraserview Banquet Hall & South Hall** parking lots: until 5pm
- B **Moberly Elementary School** parking lots: 7am-7pm
  - i. Gravel field - access off of Ross Street
  - ii. Staff parking lot - access off of 59th ave
- C **John Henderson School** access off of St. George Street: 7am-7pm
- D Parking lots directly **behind Tim Horton's (6501 Main St) and Himalaya Restaurant (6587 Main St)**: 7am-7pm
- E **Langara College**: 7am-7pm (Do NOT park in the Employee Parking)

President: Kuldip Singh Thandi ..........(Cell: 604-377-3114)
Secretary: Kashmir Singh Dhaliwal.....(Cell: 604-722-6544)
Treasure: Sukhpal Singh Jhooty..........(Cell: 778-840-5602)
Head Granthi: Harminderpal Singh......(Cell: 778-706-5166)
E-mail: kdsross@live.com Web: www.kdsross.com

ਸਵਾਗਤ ਕਰਤਾ
ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ
ਸੰਪਰਕ: 604-322-5610,

# FOR RENT






***Office/Warehouse***
***Corner Unit***

*around 500-2900 Square feet available now for Rent on a busy road. Building includes office rooms, three washrooms and a kitchen.*



**Unit 101, 13463, 78 Avenue, Surrey, Opposite ICBC Motor Vehicle office**






**For more information and inquiries call:**


**604-767-5194**

ਲੜੀਵਾਰ...

ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼

## ਸਭੁ ਦੇਸੁ ਪਰਾਇਆ
(ਸਵੈ-ਜੀਵਨੀ)

# ਮੁਲਾਕਾਤ 'ਨਾਮਧਾਰੀ ਮੁਖੀ ਬਾਬਾ ਜਗਜੀਤ ਸਿੰਘ ਜੀ ਨਾਲ'




ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਗੱਲ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰਨ ਲਈ ਮੈਂ ਸਿਖ ਇਤਿਹਾਸ ਦੀ ਇਕ ਸਾਖੀ ਕਹਿਣ ਦੀ ਆਗਿਆ ਮੰਗਦਾ ਹਾਂ।" ਬਾਬਾ ਜੀ ਦਾ ਇਸ਼ਾਰਾ ਮਿਲਣ ਤੇ ਨੇਕੀ ਸਾਹਿਬ ਕਹਿਣ ਲੱਗੇ, "ਇਕ ਵਾਰੀ ਊਨੇ ਤੋਂ ਬਾਬਾ ਕਲਾਧਾਰੀ ਜੀ ਸ੍ਰੀ ਅਨੰਦਪੁਰ ਸਾਹਿਬ ਆਏ। ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰ ਉਨ੍ਹਾਂ ਨੂੰ ਅਧਿਆਤਮ ਵਾਦੀ ਘੱਟ ਤੇ ਰਾਜਨੀਤਕ ਸ਼ਾਹੀ ਸਰਦਾਰ ਦਾ ਜ਼ਿਆਦਾ ਲੱਗ ਰਿਹਾ ਸੀ। ਜਵਾਨ ਗੁਰੂ ਤਖਤ ਤੇ ਸੁਸ਼ੋਭਿਤ ਮਾਨ, ਖੱਬੇ ਸੱਜੇ ਸਾਹਿਬਜ਼ਾਦੇ ਤੇ ਸ਼ਸਤਰ ਧਾਰੀ ਸੂਰਮੇ ਸ਼ਾਹੀ ਜਾਹੋ ਜਲਾਲ ਨਾਲ ਸਜੇ ਵੇਖਕੇ ਤੇ ਆਪਣੀ ਉਮਰ ਤੋਂ ਕਿਤੇ ਛੋਟੇ ਨੂੰ ਤਖਤ ਤੇ ਸੁਸ਼ੋਭਿਤ ਮਾਨ ਵੇਖਕੇ ਅਚੰਭਤ ਹੋ ਗਏ ਤੇ ਮਿਲਣ ਤੋਂ ਬਗੈਰ ਹੀ ਵਾਪਸ ਮੁੜ ਪਏ। ਅੰਤਰਜਾਮੀ ਸਤਿਗੁਰੂ ਜੀ ਨੇ ਇਕ ਸਿੰਘ ਭੇਜਕੇ ਬਾਬਾ ਜੀ ਨੂੰ ਕੋਲ ਸੱਦ ਲਿਆ। ਸਤਿਕਾਰ ਦਿੱਤਾ ਤੇ ਕਿਹਾ ਕਿ ਬਿਨ੍ਹਾਂ ਮਿਲੇ ਹੀ ਕਿਉਂ ਵਾਪਸ ਚੱਲੇ ਸੀ? ਬਾਬਾ ਕਲਾਧਾਰੀ ਜੀ ਕਹਿਣ ਲੱਗੇ ਤੁਹਾਡੇ ਵਿਚੋਂ ਬਾਦਸ਼ਾਹੀ ਝਲਕਦੀ ਵੇਖੀ ਹੈ, ਦਰਵੇਸ਼ੀ ਨਹੀਂ। ਗੁਰੂ ਨਾਨਕ ਦੇ ਜਾਂ ਨਸ਼ੀਨ ਦਾ ਇਹ ਰੂਪ ਮੈਂ ਕਦੇ ਸੁਪਨੇ ਵਿਚ ਵੀ ਨਹੀਂ ਸੀ ਕਲਪਿਆ। ਕਲਗੀਧਰ ਜੀ ਕਹਿਣ ਲੱਗੇ ਤੁਹਾਡੀ ਸ਼ੰਕਾ ਕਿਵੇਂ ਨਵਿਰਤ ਹੋਵੇ ਕਿ ਅਸੀਂ, "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥" ਦੇ ਮਹਾਵਾਕ ਅਨੁਸਾਰ ਗੁਰੂ ਨਾਨਕ ਦੀ ਹੀ ਜੋਤਿ ਹਾਂ। ਬਾਬਾ ਕਲਾਧਾਰੀ ਜੀ ਕਹਿਣ ਲੱਗੇ, ਇਕ ਵਾਰੀ ਗੁਰੂ ਨਾਨਕ ਸਾਹਿਬ ਜੀ ਦੇ ਰੂਪ ਵਿਚ ਦਰਸ਼ਨ ਦੇ ਦਿਓ ਸਭ ਸ਼ੰਕਾਵਾਂ ਮਿੱਟ ਜਾਣਗੀਆਂ। ਸਤਿਗੁਰੂ ਜੀ ਕਹਿਣ ਲੱਗੇ ਜੇ ਇਹੀ ਇੱਛਾ ਹੈ ਤਾਂ ਵੇਖ ਲਓ। ਜਦੋਂ ਬਾਬਾ ਕਲਾਧਾਰੀ ਜੀ ਨੇ ਅੱਖਾਂ ਉਪਰ ਚੁੱਕੀਆਂ ਤਾਂ ਸਾਹਵੇਂ ਗੁਰੂ ਨਾਨਕ ਦੇਵ ਜੀ ਦਾ ਝਲਕਾਰਾ ਵੱਜਾ। ਬਾਬਾ ਜੀ ਨੇ ਚਰਨਾਂ ਤੇ ਸੀਸ ਧਰ ਦਿੱਤਾ ਤੇ ਹੱਥ ਜੋੜ ਕੇ ਬੇਨਤੀ ਕੀਤੀ, "ਗੁਰੂ ਜੀ ਮੇਰੀਆਂ ਸ਼ੰਕਾਵਾਂ ਖਤਮ। ਹੁਣ ਜੋ ਹੁਕਮ ਕਰੋਂਗੇ, ਉਹ ਸਿਰ ਮੱਥੇ।" ਕਲਗੀਧਰ ਜੀ ਕਹਿਣ ਲੱਗੇ ਬਾਬਾ ਜੀ! ਸਿੱਖ ਧਰਮ ਦਾ ਮੁੱਢਲਾ ਅਸੂਲ ਹੈ ਗ੍ਰਿਹਸਤੀ ਜੀਵਨ, "ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ।" ਤੁਸੀਂ ਸ਼ਾਦੀ ਕਰਵਾ ਲਓ! ਬਾਬਾ ਕਲਾਧਾਰੀ ਜੀ ਹੱਸ ਪਏ ਤੇ ਕਹਿਣ ਲੱਗੇ,"ਏਸ ਉਮਰੇ? ਗੁਰੂ ਜੀ ਕਹਿੰਦੇ ਹਾਂ।" ਬਾਬਾ ਕਲਾਧਾਰੀ ਜੀ ਨੇ ਵਿਆਹ ਕਰਵਾ ਲਿਆ, ਉਨ੍ਹਾਂ ਦੇ ਘਰ ਬਾਬਾ ਅਜੀਤ ਸਿੰਘ ਬੇਦੀ ਪੈਦਾ ਹੋਏ, ਜਿਨ੍ਹਾਂ ਦੇ ਅੱਗਿਓ ਬਾਬਾ ਸਾਹਿਬ ਸਿੰਘ ਬੇਦੀ। ਇਹ ਸਾਖੀ ਸੁਣਾਕੇ ਡਾ: ਜਸਵੰਤ ਸਿੰਘ ਜੀ ਨੇਕੀ ਕਹਿਣ ਲਗੇ ਕਿ ਜੇ ਆਪ ਸਮਝਦੇ ਹੋ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਨਹੀਂ ਦਿੱਤੀ ਤੇ ਦੇਹ ਧਾਰੀ ਗੁਰੂ ਦੀ ਪ੍ਰੰਪਰਾ ਜਾਰੀ ਰੱਖੀ ਹੈ ਤਾਂ ਸਾਨੂੰ ਇਥੇ ਹੁਣੇ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਦਰਸ਼ਨ ਦੇ ਦਿਓ। ਮੈਂ ਮਖਣ ਸ਼ਾਹ ਲੁਬਾਣੇ ਵਾਂਗ, 'ਗੁਰੂ ਲਾਧੋ ਰੇ' ਦਾ ਪੱਲੂ ਫੇਰ ਦਿਆਂਗਾ ਤੇ ਸਭ ਸਿੱਖਾਂ ਨੂੰ ਕਹਾਂਗਾ ਕਿ ਦੇਹ ਧਾਰੀ ਗੁਰੂ ਦੀ ਪ੍ਰੰਪਰਾ ਹੈ ਜਿਸਦੇ ਚੌਧਵੇਂ ਗੁਰੂ ਜਗਜੀਤ ਸਿੰਘ ਜੀ ਹਨ।

ਡਾ: ਨੇਕੀ ਸਾਹਿਬ ਦੀ ਗੱਲ ਸੁਣਕੇ ਬਾਬਾ ਜੀ ਕੁਝ ਨਹੀਂ ਬੋਲੇ। ਕਾਫੀ ਦੇਰ ਬਾਦ ਡਾ: ਸਾਹਿਬ ਨੇ ਫਿਰ ਕਿਹਾ ਕਿ ਬਾਬਾ ਜੀ ਕੁਝ ਤਾਂ ਬੋਲੋ, ਤਾਂ ਜੋ ਉਤਰ ਬਾਬਾ ਜਗਜੀਤ ਸਿੰਘ ਨੇ ਦਿੱਤਾ ਉਹ ਡਾ: ਜਸਵੰਤ ਨੇਕੀ ਜੀ



ਦੀ ਪੁਸਤਕ "ਮੇਰੀ ਸਾਹਿਤਕ ਸ੍ਵੈ ਜੀਵਨੀ" ਜਿਸਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਸ਼ਾ ਵਿਭਾਗ ਨੇ ਛਾਪਿਆ ਹੈ, ਵਿਚ ਇਉਂ ਲਿਖਿਆ ਹੈ, "ਤੁਸੀਂ ਤਾਂ ਮੱਖਣ ਸ਼ਾਹ ਲੁਬਾਣਾ ਬਣ ਸਕਦੇ ਹੋ, ਪਰ ਮੈਂ ਗੁਰੂ ਗੋਵਿੰਦ ਸਿੰਘ ਕਿਵੇਂ ਬਣ ਸਕਦਾ ਹਾਂ?" ਉਸ ਸਾਫ਼ ਗੱਈ ਤੇ ਉਸ ਖਲੂਸ ਉਤੇ, ਜਿਸ ਨਾਲ ਉਨ੍ਹਾਂ ਇਹ ਬੋਲ ਬੋਲੇ, ਮੇਰਾ ਵਾਰਨੇ ਜਾਣ ਨੂੰ ਜੀ ਕੀਤਾ।"

(ਮੇਰੀ ਸਾਹਿਤਕ ਸ੍ਵੈ ਜੀਵਨੀ ਪੰਨਾ 128)

ਮੈਂ ਸੋਚਦਾ ਹਾਂ, ਸਿਮਰਨ ਵਿਚ ਜੁੜੇ ਮਹਾਂਪੁਰਖ ਅਧਿਆਤਮਕ ਤੌਰ ਤੇ ਸਾਫ਼ ਗੋ ਹੁੰਦੇ ਹਨ। ਉਨ੍ਹਾਂ ਵਿਚ ਸੱਚ ਬੋਲਣ ਦੀ ਸਮਰੱਥਾ ਹੁੰਦੀ ਹੈ, ਪ੍ਰੰਤੂ ਪਿਛਲੱਗ ਉਨ੍ਹਾਂ ਦੀ ਪੇਸ਼ ਨਹੀਂ ਜਾਣ ਦਿੰਦੇ। ਇਸ ਗੱਲ ਦੀ ਗਵਾਹੀ ਬਾਬਾ ਰਾਮ ਸਿੰਘ ਨਾਮਧਾਰੀ ਜੀ ਦੀਆਂ ਚਿੱਠੀਆਂ ਵੀ ਦਿੰਦੀਆਂ ਹਨ।

ਖੈਰ ਉਸ ਐਤਵਾਰ ਆਪ ਆਏ ਤੇ ਦਿਲਰੁਬਾ ਨਾਲ ਕੀਰਤਨ ਕੀਤਾ। ਮਿੱਤਰ ਪਿਆਰੇ ਨੂੰ ਸ਼ਬਦ ਗਾਵਿਆ ਤੇ ਉਸਦੀ ਬਹੁਤ ਹੀ ਸੁੰਦਰ ਵਿਆਖਿਆ ਕੀਤੀ। ਉਸ ਤੋਂ ਬਾਦ ਬਾਬਾ ਜਗਜੀਤ ਸਿੰਘ ਨਾਲ ਮੇਰਾ ਵੀ ਬਹੁਤ ਪਿਆਰ ਹੋ ਗਿਆ। ਰਾਮਗੜ੍ਹੀਆ ਹਾਲ ਦਾਰਾਸਲਾਮ ਵਿਚ ਅੰਮ੍ਰਿਤ ਵੇਲੇ ਕੀਰਤਨ ਕਰਦੇ ਮੈਂ ਵੀ ਉਸ ਕੀਰਤਨ ਦਾ ਅਨੰਦ ਮਾਣਦਾ। ਇਕ ਵਾਰੀ ਮੈਂ ਬਹੁਤ ਹੀ ਬਿਮਾਰ ਸਾਂ। ਮੇਰੇ ਫਿਰ ਤੋਂ ਪੱਥਰੀਆਂ ਹੋ ਗਈਆਂ ਸਨ। ਬਲੈਡਰ ਵਿਚ ਸਨ, ਜਦੋਂ ਹਿਲਦੀਆਂ ਜਾਨ ਕੱਢ ਦਿੰਦੀਆਂ ਫਿਰ ਡਾਕਟਰ ਕੋਲ ਜਾਕੇ ਬਰਾਲਗਨ ਦਾ ਇੰਜੈਕਸ਼ਨ ਲਗਵਾਉਣਾ ਪੈਂਦਾ। ਨਾਮਧਾਰੀ ਬਾਬਾ ਜਗਜੀਤ ਸਿੰਘ ਫਿਰ ਦਾਰ-ਾਸਲਾਮ ਆਏ। ਸ਼ਾਮ ਦੇ ਸੰਗੀਤ ਸੰਮੇਲਨ ਤੇ ਮੈਨੂੰ ਨਾ ਦੇਖ ਕੇ ਪੁੱਛਣ ਲੱਗੇ, "ਗਿਆਨੀ ਕੇਵਲ ਸਿੰਘ ਹੋਰੀਂ ਨਹੀਂ ਆਏ।" ਕਿਸੇ ਪ੍ਰੇਮੀ ਨੇ ਦੱਸਿਆ ਕਿ ਉਹ ਸਖਤ ਬਿਮਾਰ ਹਨ। ਬਾਬਾ ਜੀ ਕਹਿਣ ਲੱਗੇ ਕੱਲ੍ਹ ਨੂੰ ਉਨ੍ਹਾਂ ਨੂੰ ਮਿਲਕੇ ਆਵਾਂਗੇ। ਦੂਸਰੇ ਦਿਨ ਦੁਪੈਹਰ ਬਾਰਾਂ ਕੁ ਵਜੇ, ਗਰਮੀ ਬਹੁਤ ਹੋਣ ਕਰਕੇ ਮੈਂ ਤਾਂ ਕਛੈਹਰੇ ਬੁਨੈਣ ਵਿਚ ਹੀ ਸਾਂ। ਜਦੋਂ ਕੁਝ ਨਾਮਧਾਰੀ ਵੀਰ ਮੇਰੇ ਕੁਆਟਰ ਵਿਚ ਆ ਗਏ। ਪਹਿਲਾ ਕਮਰਾ ਹੀ ਲਿਵਿੰਗ ਰੂਮ ਸੀ। ਸੋਫਾ ਸੈਟ ਤੇ ਕੁਰਸੀਆਂ ਪਈਆਂ ਸਨ ਜਿਨ੍ਹਾਂ ਤੇ ਮਹਿਰੂਮ ਰੰਗ ਦਾ ਕਪੜਾ ਚੜ੍ਹਿਆ ਹੋਇਆ ਸੀ। ਉਹ ਪ੍ਰੇਮੀ ਛੇਤੀ ਛੇਤੀ ਉਨ੍ਹਾਂ ਉਪਰ ਚਿੱਟੀਆਂ ਚਾਦਰਾਂ ਵਿਛਾਉਣ ਲੱਗੇ। ਮੈਂ ਪੁੱਛਿਆ ਤਾਂ ਕਹਿੰਦੇ ਸਤਿਗੁਰੂ ਜੀ ਤੁਹਾਡੀ ਖਬਰ ਲਈ ਆ ਰਹੇ ਹਨ। ਸਿਰ ਤੇ ਪਟਕਾ ਮੈਂ ਜਲਦੀ ਜਲਦੀ ਕਮੀਜ਼ ਪਜਾਮਾ ਪਾਇਆ ਹੀ ਸੀ, ਜਦੋਂ ਬਾਬਾ ਜੀ ਆ ਗਏ। ਉਨ੍ਹਾਂ ਨੇ ਚਾਦਰਾਂ ਪਰੇ, ਵਗਾਹ ਮਾਰੀਆਂ। ਮੈਨੂੰ ਗਲਵਕੜੀ ਪਾ ਲਈ ਤੇ ਆਪਣੇ ਕੋਲ ਬਿਠਾ ਲਿਆ। ਬਹੁਤ ਸਕੂਨ ਮਹਿਸੂਸ ਕਰ ਰਿਹਾ ਸਾਂ ਮੈਂ ਉਨ੍ਹਾਂ ਆਪਣੇ ਸੈਕਟਰੀ ਤੋਂ। ਹਜ਼ਾਰ ਸ਼ਲਿੰਗ ਲਏ ਤੇ ਮੇਰੇ ਹੱਥ ਤੇ ਰੱਖ ਦਿੱਤੇ। ਸੱਚ ਜਾਣਿਓ ਮੇਰਾ ਰੋਣ ਨਿਕਲ ਗਿਆ। ਮੈਂ ਕਿਹਾ ਬਾਬਾ ਜੀ ਕਿਉਂ ਉਲਟੀ ਗੰਗਾ ਵਹਾ ਰਹੇ ਹੋ? ਉਨ੍ਹਾਂ ਜੋ ਬੋਲ ਬੋਲੇ ਅੱਜ ਵੀ ਤੇਤੀ ਸਾਲ ਬਾਦ ਯਾਦ ਨੇ। ਮੈਨੂੰ ਕਹਿਣ ਲੱਗੇ, "ਗਿਆਨੀ ਜੀ- ਇਹ ਤੁਹਾਡੇ ਰਾਹੀਂ ਬਾਬਾ ਬੁੱਢਾ ਜੀ ਦਾ ਸਤਿਕਾਰ ਹੈ। ਗੁਰੂ ਘਰ ਦੇ ਪਹਿਲੇ ਗਰੰਥੀ ਦਾ ਤੇ ਇਹ ਅਸੀਂ ਵਾਪਸ ਨਹੀਂ ਲੈਂਦੇ। ਮੈਂ ਪਰਸ਼ਾਦ ਸਮਝਕੇ ਸ਼ੁਕਰਾਨੇ ਵਜੋਂ ਮਸਤਕ ਨੂੰ ਛੁਹਾਏ ਤੇ ਜੇਬ ਵਿਚ ਪਾ ਲਏ। ਫਿਰ ਮੈਨੂੰ ਪੁੱਛਣ ਲੱਗੇ, "ਕੀ ਗੱਲ ਹੋ ਗਈ? ਮੈਂ ਦੱਸਿਆ ਜੀ ਪਹਿਲਾਂ ਗੁਰਦੇ ਵਿਚ ਪੱਥਰੀਆਂ ਸਨ ਜੋ 1982 ਵਿਚ ਇੰਡੀਆ ਜਾਕੇ ਪੀ.ਜੀ.ਆਈ ਚੰਡੀਗੜ੍ਹ ਤੋਂ ਅਪਰੇਸ਼ਨ ਰਾਹੀਂ ਕਢਵਾਈਆਂ ਸਨ। ਹੁਣ ਫੇਰ ਬਲੈਡਰ ਵਿਚ ਹੋ ਗਈਆਂ ਨੇ। ਜਦੋਂ ਹਿਲਦੀਆਂ ਨੇ ਮੂਵ ਕਰਦੀਆਂ ਨੇ ਤਾਂ ਜਾਨ ਕਢਦੀਆਂ ਹਨ। ਉਹਨਾਂ ਆਪਣੇ ਸੈਕਟਰੀ ਨੂੰ ਕਿਹਾ ਕਿ



ਹੁਣੇ ਇੰਡੀਆ ਦਿੱਲੀ ਨੂੰ ਫੋਨ ਕਰਨਾ ਤਾਂ ਜੋ ਕੱਲ੍ਹ ਨੂੰ ਜੋ ਏਅਰ ਇੰਡੀਆਂ ਦੀ ਫਲਾਈਟ ਆਉਣੀ ਹੈ। ਉਹਦੇ ਵਿਚ ਗਿਆਨੀ ਜੀ ਦੀ ਪਥਰੀਆਂ ਦੀ ਦਵਾਈ ਆ ਸਕੇ। ਮੈਨੂੰ ਕਹਿਣ ਲਗੇ ਅਰਾਮ ਤੇ ਸਤਿਗੁਰਾਂ ਨੇ ਦੇਣਾ ਹੈ, ਆਪਣਾ ਕੰਮ ਤੇ ਓਹੜ ਪੋਹੜ ਕਰਨਾ ਹੈ ਕੱਲ੍ਹ ਨੂੰ ਜਾਂ ਪਰਸੋਂ ਨੂੰ ਦਵਾਈ ਮਿਲ ਜਾਵੇਗੀ। ਫਿਰ ਆਪਣੇ ਨਾਲ ਆਏ ਨੈਰੋਬੀ (ਕੀਨੀਆ) ਦੇ ਸੂਬੇ ਨੂੰ ਕਹਿਣ ਲੱਗੇ ਵੈਦ ਜੀ ਦਿਓ ਕੋਈ ਦਰਦ ਤੋਂ ਦਵਾ। ਉਨ੍ਹਾਂ ਜੋ ਦਵਾ ਲਿਖਾਈ ਮੈਂ ਜਿਨਾ ਚਿਰ ਇੰਗਲੈਂਡ ਜਾਕੇ ਅਪਰੇਸ਼ਨ ਨਹੀਂ ਕਰਵਾਇਆ। ਉਸਦਾ ਸੇਵਨ ਕਰਦਾ ਰਿਹਾ ਹਾਂ। ਜੋ ਦਰਦ ਨੂੰ ਮਿੰਟਾ ਸਕਿੰਟਾਂ ਵਿਚ ਬੰਦ ਕਰ ਦਿੰਦੀ ਹੈ। ਤੁਸੀ ਪਾਠਕ ਵੀ ਨੋਟ ਕਰ ਲਵੋ ਕਿਸੇ ਦਾ ਭਲਾ ਹੋ ਜਾਵੇਗਾ। ਉਨ੍ਹਾਂ ਕਿਹਾ ਮੱਕਈ ਦੀਆਂ ਛੱਲੀਆਂ ਉਪਰਲੇ ਵਾਲ ਵੱਧ ਤੋਂ ਵੱਧ ਲੈ ਕੇ ਪਾਣੀ ਦੇ ਪਤੀਲੇ ਵਿਚ ਪਾ ਕੇ ਪਾਣੀ ਨਾਲ ਪਤੀਲਾ ਭਰ ਦਿਓ ਤੇ ਅੱਗ ਤੇ ਰੱਖ ਦਿਓ। ਜਦੋਂ ਪਾਣੀ ਚੌਥਾ ਕੁ ਹਿੱਸਾ ਰਹਿ ਜਾਵੇ ਤਾਂ ਕਪੜ ਛਾਣ ਕਰਕੇ ਉਹ ਪਾਣੀ ਬੋਤਲ ਵਿਚ ਪਾ ਲਵੋ। ਜਦੋਂ ਹੀ ਪੇਟ ਵਿਚ ਦਰਦ ਹੋਵੇ ਜਾਂ ਗੁਰਦੇ ਵਿਚ ਜਾਂ ਬਲੈਡਰ ਵਿਚ ਤਾਂ ਅੱਧੀ ਕੁ ਛਟਾਂਕ ਪਾਣੀ ਪੀ ਲਵੋ, ਦਰਦ ਉਸੇ ਵਲੇ ਗਾਇਬ। ਇਹ ਪਾਣੀ ਮੈਂ ਚਾਰ ਪੰਜ ਮਹੀਨੇ ਵਰਤਿਆ। ਦਰਦ ਉਦੋਂ ਹੀ ਹੱਟ ਜਾਂਦਾ ਸੀ, ਪਰ ਪੱਥਰੀਆਂ ਵੱਡੀਆਂ ਹੋਣ ਕਰਕੇ ਦਿੱਲੀ ਤੋਂ ਆਈ ਦਵਾਈ ਨਾਲ ਵੀ ਨਾ ਨਿਕਲੀਆਂ ਤੇ ਲੰਡਨ ਦੇ ਹੈਮਰ ਸਮਿੱਥ ਹਸਪਤਾਲ ਵਿਚ ਅਪਰੇਸ਼ਨ ਕਰਵਾਉਣਾ ਪਿਆ। ਪਰ ਮੇਰੇ ਵਰਗੇ ਇਕ ਸਾਧਾਰਨ ਗਰੰਥੀ ਦੇ ਘਰ ਉਨ੍ਹਾਂ ਦਾ ਚਲਕੇ ਆਉਣਾ ਸੱਚਮੁੱਚ ਹੀ ਕ੍ਰਿਸ਼ਨ ਦਾ ਸੁਦਾਮੇ ਕੋਲ ਆਉਣਾ ਸੀ। ਖਿਆਲਾਂ ਦੀ ਵਿਰੋਧਤਾ ਦੇ ਬਾਵਜੂਦ ਸਾਰੀ ਜ਼ਿੰਦਗੀ ਮੈਂ ਉਨ੍ਹਾਂ ਦਾ ਸਤਿਕਾਰ ਕਰਦਾ ਰਿਹਾ ਹਾਂ। ਅੱਜ ਉਹ ਭਾਵੇਂ ਇਸ ਦੁਨੀਆਂ ਵਿਚ ਨਹੀਂ, ਪਰ ਮੇਰਾ ਸਿਰ ਉਨ੍ਹਾਂ ਦੀ ਨਿਮਰ ਸ਼ਖਸੀਅਤ ਅੱਗੇ ਆਖਰੀ ਸਵਾਸ ਤੱਕ ਝੁਕਦਾ ਰਹੇਗਾ।

ਚਲਦਾ....

52 YEARS OF EXCELLENCE 1973 THE LINK GROUP 2024
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 30 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Perry

# ਕੋਈ ਕਿਸੇ ਤੋਂ ਘੱਟ ਨਹੀਂ ਹੈ...

**ਬਲਰਾਜ ਸਿੰਘ ਸਿੱਧੂ**
95011-00062

ਕੁਝ ਮਹੀਨੇ ਪਹਿਲਾਂ ਪਾਕਿਸਤਾਨ ਵਿੱਚ ਬਣੀ ਇੱਕ ਵੀਡੀਉ ਕਾਫੀ ਵਾਇਰਲ ਹੋਈ ਸੀ ਕਿ ਭ੍ਰਿਸ਼ਟ ਸਿਰਫ ਲੀਡਰ ਅਤੇ ਅਫਸਰ ਹੀ ਨਹੀਂ ਹੁੰਦੇ, ਆਮ ਜਨਤਾ ਵੀ ਜਿੱਥੇ ਦਾਅ



ਲੱਗੇ ਠੱਗੀ ਮਾਰਨ ਤੋਂ ਪਿੱਛੇ ਨਹੀਂ ਹੱਟਦੀ। ਉਸ ਵੀਡੀਉ ਵਿੱਚ ਪਾਕਿਸਤਾਨ ਦੀ ਇੱਕ ਸਮਾਜ ਭਲਾਈ ਸੰਸਥਾ ਦਾ ਅਹੁਦੇਦਾਰ ਦੱਸ ਰਿਹਾ ਸੀ ਕਿ ਕੋਈ ਨਵਾਜ਼ ਸ਼ਰੀਫ ਨੂੰ ਭ੍ਰਿਸ਼ਟ ਦੱਸ ਰਿਹਾ ਹੈ, ਕੋਈ ਇਮਰਾਨ ਖਾਨ ਨੂੰ ਤੇ ਕੋਈ ਜ਼ਰਦਾਰੀ ਨੂੰ। ਉਨ੍ਹਾਂ ਨੇ ਸੋਚਿਆ ਕਿ ਚਲੋ ਆਮ ਜਨਤਾ ਬਾਰੇ ਵੀ ਜਾਣਿਆ ਜਾਵੇ ਕਿ ਲੀਡਰਾਂ ਨੂੰ ਦਿਨ ਰਾਤ ਕੋਸਣ ਵਾਲੇ ਇਹ ਲੋਕ ਕਿਨੇ ਕੁ ਇਮਾਨਦਾਰ ਹਨ? ਸਭ ਤੋਂ ਪਹਿਲਾਂ ਉਨ੍ਹਾਂ ਨੇ ਇੱਕ ਨਵਾਂ ਤੇ ਠੀਕ ਚੱਲਦਾ ਟੈਲੀਵਿਜ਼ਨ ਲਿਆ ਤੇ ਉਸ ਦੀ ਕੋਈ ਛੋਟੀ ਮੋਟੀ ਤਾਰ ਖੋਲ੍ਹ ਕੇ ਕਿਸੇ ਮਕੈਨਿਕ ਦੀ ਦੁਕਾਨ 'ਤੇ ਲੈ ਗਏ ਤੇ ਕਿਹਾ ਕਿ ਇਹ ਚੱਲ ਨਹੀਂ ਰਿਹਾ। ਉਸ ਮਕੈਨਿਕ ਨੇ ਜਦੋਂ ਟੀਵੀ ਖੋਲ੍ਹਿਆ ਤਾਂ ਵੇਖਦੇ ਸਾਰ ਹੀ ਸਮਝ ਗਿਆ ਕਿ ਮਾਜ਼ਰਾ ਕੀ ਹੈ। ਪਰ ਉਨ੍ਹਾਂ ਨੂੰ ਕਹਿਣ ਲੱਗਾ ਕਿ ਇਸ ਦੇ ਤਾਂ ਆਈ.ਸੀ. ਹੀ ਸੜ ਗਏ ਹਨ, ਠੀਕ ਕਰਨ ਵਾਸਤੇ ੧੦੦੦੦ ਦਾ ਖਰਚਾ ਆਵੇਗਾ। ਇਸੇ ਤਰਾਂ ਫਰਿੱਜ ਲੈ ਕੇ ਗਏ ਤਾਂ ਮਕੈਨਿਕ ਨੇ ਕਹਿ ਦਿੱਤਾ ਕਿ ਗੈਸ ਲੀਕ ਹੋ ਗਈ ਹੈ, ਐਨਾ ਖਰਚਾ ਆਵੇਗਾ।

ਸਭ ਤੋਂ ਵੱਡਾ ਕਾਰਨਾਮਾ ਟਾਇਰਾਂ ਵਾਲੇ ਨੇ ਕੀਤਾ ਜਦੋਂ ਉਸ ਨੇ ਉਸ ਹੀ ਦਿਨ ਖਰੀਦੀ ਟਿਊਬ ਵਿੱਚ ਦੋ ਪੰਚਰ ਕੱਢ ਦਿੱਤੇ। ਜਦੋਂ ਉਨ੍ਹਾਂ ਸਾਰਿਆਂ ਨੂੰ ਦੱਸਿਆ ਗਿਆ ਕਿ ਇਹ ਸਰਵੇ ਪਾਕਿਸਤਾਨ ਦੀ ਜਨਤਾ ਦੀ ਇਮਾਨਦਾਰੀ ਚੈੱਕ ਕਰਨ ਲਈ ਕੀਤਾ ਜਾ ਰਿਹਾ ਹੈ ਤਾਂ ਸਾਰੇ ਸ਼ਰਮਿੰਦਾ ਹੋ ਗਏ ਪਰ ਪੰਚਰਾਂ ਵਾਲਾ ਸੂਰਮਾ ਮਹਾਂ ਬੇਸ਼ਰਮ ਨਿਕਲਿਆ। ਉਸ ਨੇ ਦੰਦੀਆਂ ਕੱਢਦੇ ਹੋਏ ਕਿਹਾ, "ਬਾਊ ਜੀ ਫਿਰ ਕੀ ਹੋ ਗਿਆ? ਮੈਂ ਚਾਰ ਪੰਚਰ ਵੀ ਕੱਢ ਸਕਦਾ ਸੀ, ਪਰ ਸਿਰਫ ਦੋ ਹੀ ਕੱਢੇ ਹਨ।" ਸਾਡੇ ਦੇਸ਼ ਦਾ ਵੀ ਇਹ ਹੀ ਹਾਲ ਹੈ। ੨੦੧੨ ਤੋਂ ੨੦੧੭ ਤੱਕ ਦੀ ਅਕਾਲੀ ਸਰਕਾਰ ਵੇਲੇ ਮੈਂ ਕਾਫੀ ਸਾਲ ਸਬ ਡਵੀਜ਼ਨ ਮਲੋਟ ਵਿਖੇ ਬਤੌਰ ਐਸ.ਪੀ. ਤਾਇਨਾਤ ਰਿਹਾ ਸੀ। ਇੱਕ ਦਿਨ ਤਤਕਾਲੀ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਆਪਣੇ ਬਾਦਲ ਪਿੰਡ ਵਾਲੇ ਦਫਤਰ ਬੈਠੇ ਲੋਕਾਂ ਦੀਆਂ ਦੁੱਖ ਤਕਲੀਫਾਂ ਸੁਣ ਰਹੇ ਸਨ ਕਿ ਗਿੱਦੜਬਾਹਾ ਦੇ ਕੁਝ ਬੰਦੇ ਆ ਗਏ ਜਿਨ੍ਹਾਂ ਦੀ ਖੇਤੀਬਾੜੀ ਦੀਆਂ ਖਾਦ ਤੇ ਦਵਾਈਆਂ ਆਦਿ ਦੀ ਦੁਕਾਨ ਸੀ। ਦੋ ਕੁ ਮਹੀਨੇ ਪਹਿਲਾਂ ਖੇਤੀਬਾੜੀ ਵਿਭਾਗ ਦੇ ਛਾਪੇ ਦੌਰਾਨ ਉਨ੍ਹਾਂ ਦੀ ਦੁਕਾਨ ਤੋਂ ਨਕਲੀ ਦਵਾਈਆਂ ਪਕੜੀਆਂ ਗਈਆਂ ਸਨ ਤੇ ਵਿਭਾਗ ਨੇ ਮੁਕੱਦਮਾ ਦਰਜ਼ ਕਰਵਾ ਦਿੱਤਾ ਸੀ। ਉਹ ਕਿਤੇ ਬਾਦਲ ਸਾਹਿਬ ਦੇ ਪੁਰਾਣੇ ਵਾਕਿਫ ਸਨ ਤੇ ਤਰਲਾ ਮਿਨਤ ਕੀਤੀ ਕਿ ਮੁਕੱਦਮਾ ਗਲਤ ਦਰਜ਼ ਹੋਇਆ ਹੈ। ਇਹ ਦਵਾਈ ਫਲਾਣੀ ਕੰਪਨੀ ਨੇ ਭੇਜੀ ਸੀ ਤੇ ਜੇ ਇਸ ਦੇ ਸੈਂਪਲ ਫੇਲ੍ਹ ਹੋ ਗਏ ਹਨ ਤਾਂ ਇਸ ਦੀ ਜ਼ਿੰਮੇਵਾਰੀ ਕੰਪਨੀ ਦੀ ਹੈ। ਇਸ ਲਈ ਉਨ੍ਹਾਂ ਦੀ ਮਦਦ ਕੀਤੀ ਜਾਵੇ।

ਪੁਰਾਣੀ ਵਾਕਫੀਅਤ ਅਤੇ ਇਲਾਕੇ ਦੇ ਬੰਦੇ ਹੋਣ ਕਾਰਨ ਬਾਦਲ ਸਾਹਿਬ ਨੇ ਮਜ਼ਬੂਰੀ ਨਾਲ ਸੰਬੰਧਿਤ ਅਫਸਰ ਨੂੰ ਫੋਨ ਕਰ ਦਿੱਤਾ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਹਾਡਾ ਕੰਮ ਹੋ ਗਿਆ ਹੈ ਤੇ ਤੁਸੀਂ ਹੁਣ ਬਾਹਰ ਜਾਉ ਕਿਉਂਕਿ ਹੋਰ ਲੋਕਾਂ ਨੇ ਵੀ ਮਿਲਣਾਂ ਹੈ। ਪਰ ਉਹ ਬਾਹਰ ਜਾਣ ਦੀ ਬਜਾਏ ਬਾਦਲ ਸਾਹਿਬ ਨੂੰ ਵਾਰ ਵਾਰ ਇਹ ਹੀ ਕਹੀ ਜਾਣ ਕਿ ਬਾਪੂ ਜੀ ਤੁਸੀਂ ਤਾਂ ਸਾਡੇ ਖਾਨਦਾਨ ਨੂੰ ਜਾਣਦੇ ਹੋ, ਅਸੀਂ ਤਾਂ ਗਲਤ ਕੰਮ ਕਰਦੇ ਹੀ ਨਹੀਂ। ਜਦੋਂ ਉਹ ਚੋਰ ਤੇ ਨਾਲੇ ਚਤਰ ਬਣਨੋ ਨਾ ਹਟੇ ਤਾਂ ਇਲਾਕੇ ਦੇ ਬੱਚੇ ਬੱਚੇ ਤੋਂ ਵਾਕਿਫ ਬਾਦਲ ਸਾਹਿਬ ਨੂੰ ਆਪਣੀ ਸ਼ਾਂਤ ਤਬੀਅਤ ਦੇ ਉਲਟ ਖਿਝ ਚੜ੍ਹ ਗਈ ਤੇ ਉਹ ਬੋਲੇ, "ਕਾਕਾ ਜੀ, ਤੁਸੀਂ ਮੈਨੂੰ ਤੇ ਸਮਝਾਉ ਨਾ ਜਿੱਥੇ ਕਿਸੇ ਦਾ ਦਾਅ ਲੱਗਦਾ ਹੈ, ਕੋਈ ਨਹੀਂ ਬਖਸ਼ਦਾ। ਤੁਸੀਂ ਉਹ ਹੀ ਹੋ ਨਾ ਜਿਨ੍ਹਾਂ 'ਤੇ ਪਹਿਲਾਂ ਵੀ ਦੋ ਪਰਚੇ ਦਰਜ਼ ਹੋ ਚੁੱਕੇ ਹਨ? ਮੈਂ ਸਿਰਫ ਤੁਹਾਡੇ ਸਵਰਗਵਾਸੀ ਬਾਪ ਦੀ ਸ਼ਰਾਫਤ ਕਰ ਕੇ ਫੋਨ ਕੀਤਾ ਹੈ। ਜੇ ਕਿਤੇ ਦੁਬਾਰਾ ਅਜਿਹੀ ਕਰਤੂਤ ਕੀਤੀ ਤਾਂ ਆਪ ਜਾਣਦੇ ਰਿਹੋ।" ਉਨ੍ਹਾਂ ਬੰਦਿਆਂ ਦੇ ਸਿਰ 'ਚ ਸੌ ਘੜਾ ਪਾਣੀ ਪੈ ਗਿਆ, ਨਾ ਉਹ ਬਹਿਣ ਜੋਗੇ ਰਹੇ ਤੇ ਨਾ ਖਲੋਣ ਜੋਗੇ। ਰਹੀ ਸਹੀ ਕਸਰ ਮੈਂ ਪੂਰੀ ਕਰ ਦਿੱਤੀ, "ਸੇਠ ਸਾਹਿਬ, ਕੁਝ ਹੋਰ ਸੁਣਨਾ ਕਿ ਜਾਣਾ ਬਾਹਰ? ਮੈਂ ਤੁਹਾਨੂੰ ਵੀਹ ਵਾਰ ਕਿਹਾ ਕਿ ਤੁਹਾਡਾ ਕੰਮ ਹੋ ਗਿਆ ਹੁਣ ਹੋਰ ਵੀ ਕਿਸੇ ਨੂੰ ਮਿਲ ਲੈਣ ਦਿਉ, ਪਰ ਤੁਸੀਂ ਬੇਇੱਜ਼ਤੀ ਕਰਵਾਏ ਬਗੈਰ ਨਹੀਂ ਮੰਨੇ।" ਉਹ ਵਿਚਾਰੇ ਕੰਨ ਜਿਹੇ ਝਾੜ ਕੇ ਬਾਹਰ ਨਿਕਲ ਗਏ।

ਮੇਰਾ ਦੋਸਤ ਸੁਖਮੰਦਰ ਬਰਾੜ ਤਕਰੀਬਨ ਹਰ ਸਾਲ ਕੈਨੇਡਾ ਤੋਂ ਇੰਡੀਆ ਗੇੜਾ ਮਾਰਦਾ ਹੈ ਤੇ ਪਿੰਡ ਦੇ ਆਪਣੇ ਪੁਰਾਣੇ ਦੋਸਤ ਦੀ ਇਨੋਵਾ ਟੈਕਸੀ ਹੀ ਵਰਤਦਾ ਹੈ। ਇੱਕ ਦਿਨ ਉਹ ਕਿਸੇ ਕੰਮ ਬਠਿੰਡੇ ਗਿਆ ਤਾਂ ਟੈਕਸੀ ਵਾਲਾ ਕਹਿਣ ਲੱਗਾ ਕਿ ਗੱਡੀ ਦੀ ਡਰਾਈਵਰ ਸਾਈਡ ਵਾਲੀ ਪਿਛਲੀ ਬਾਰੀ ਬਾਹਰੋਂ ਖੁਲ੍ਹਦੀ ਹੈ ਪਰ ਅੰਦਰੋਂ ਨਹੀਂ ਖੁਲ੍ਹਦੀ। ਇਥੇ ਨਜ਼ਦੀਕ ਹੀ ਮੇਰਾ ਪੱਕਾ ਮਕੈਨਿਕ ਹੈ, ਉਸ ਨੂੰ ਵਿਖਾ ਲੈਂਦੇ ਹਾਂ। ਮਕੈਨਿਕ ਸਾਹਿਬ ਨੇ ਬਾਰੀ ਵੇਖੀ ਤੇ ਕਿਹਾ ਕਿ ਇਸ ਦਾ ਲੌਕ ਖਰਾਬ ਹੋ ਗਿਆ ਹੈ ਜਿਸ ਨੂੰ ਠੀਕ ਕਰਨ ਲਈ ੫੦੦ ਰੁਪਏ ਦਾ ਖਰਚਾ ਹੋਵੇਗਾ। ਪਰ ਉਹ ਪਹਿਲਾਂ ਹੀ ਸਮਝ ਚੁੱਕਾ ਸੀ ਕਿ ਨੁਕਸ ਅਸਲ ਵਿੱਚ ਕੀ ਹੈ। ਬਰਾੜ ਦੇ ਦਿਮਾਗ ਵਿੱਚ ਕੁਦਰਤੀ ਇਹ ਗੱਲ ਆ ਗਈ ਕਿ ਹੋ ਸਕਦਾ ਕਿਤੇ ਡਰਾਈਵਰ ਕੋਲੋਂ ਗਲਤੀ ਨਾਲ ਚਾਈਲਡ ਲੌਕ (ਬੱਚਿਆ ਦਾ ਲੌਕ) ਲੱਗ ਗਿਆ ਹੋਵੇ। ਉਸ ਨੇ ਡਰਾਈਵਰ ਨੂੰ ਕੋਲ ਬੁਲਾਇਆ ਤੇ ਕਿਹਾ ਕਿ ਇਸ ਬਾਰੀ ਦਾ ਚਾਈਲਡ ਲੌਕ ਲੱਗਾ ਹੋਇਆ ਹੈ। ਪਰ ਡਰਾਈਵਰ ਨੂੰ ਚਾਈਲਡ ਲੌਕ ਬਾਰੇ ਪਤਾ ਹੀ ਨਹੀਂ ਸੀ ਕਿਉਂਕਿ ਇਹ ਲੌਕ ਬਾਰੀ ਦੇ ਬੱਲਰੇ ਪਾਸੇ ਬਿਲਕੁਲ ਛੋਟਾ ਜਿਹਾ ਲੀਵਰ ਹੁੰਦਾ ਹੈ ਤਾਂ ਜੋ ਬੱਚੇ ਇਸ ਨੂੰ ਨਾ ਵੇਖ ਸਕਣ ਤੇ ਬਾਰੀ ਖੋਲ੍ਹ ਕੇ ਸੱਟ ਫੇਟ ਨਾ ਲਗਵਾ ਲੈਣ। ਬਰਾੜ ਨੇ ਚਾਈਲਡ ਲੌਕ ਖੋਲ੍ਹ ਦਿੱਤਾ ਤੇ ਬਾਰੀ ਠੀਕ ਹੋ ਗਈ। ਇਹ ਵੇਖ ਕੇ ਡਰਾਈਵਰ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਉਹ ਮਕੈਨਿਕ ਦੇ ਗਲ ਪੈ ਗਿਆ ਕਿ ਜੇ ਅੱਜ ਬਰਾੜ ਨਾਲ ਨਾ ਹੁੰਦਾ ਤੂੰ ਤਾਂ ਮੈਨੂੰ ੫੦੦ ਵਿੱਚ ਰਗੜ ਦਿੱਤਾ ਸੀ। ਮੈਨੂੰ ਲੱਗਦਾ ਤੂੰ ਪਹਿਲਾਂ ਵੀ ਮੈਨੂੰ ਇਸੇ ਤਰਾਂ ਲੁੱਟਦਾ ਰਿਹਾ ਹੈਂ। ਮਕੈਨਿਕ ਅੱਗੇ ਅੱਗੇ ਤੇ ਟੈਕਸੀ ਵਾਲਾ ਪਿੱਛੇ ਪਿੱਛੇ।






# ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ 'ਤੇ ਹਾਵੀ ਹੁੰਦਾ ਸੋਸ਼ਲ ਮੀਡੀਆ

ਅੱਜ ਵਿਗਿਆਨ ਨੇ ਇੰਨੀ ਤਰੱਕੀ ਕਰ ਲਈ ਹੈ ਤੇ ਸੰਚਾਰ ਦੇ ਸਾਧਨਾਂ ਵਿੱਚ ਵਾਧਾ ਹੋ ਗਿਆ ਹੈ ਕਿ ਦੁਨੀਆ ਸਾਡੀ ਮੁੱਠੀ ਵਿੱਚ ਹੋ ਗਈ ਜਾਪਦੀ ਹੈ । ਤਰ੍ਹਾਂ-ਤਰ੍ਹਾਂ ਦੇ ਉਪਕਰਨਾਂ ਨਾਲ ਸੁਸੱਜਿਤ ਮੋਬਾਇਲ ਫੋਨ ਭਾਵ ਕਿ ਸੋਸ਼ਲ ਮੀਡੀਆ ਦਾ ਪ੍ਰਭਾਵ ਸਾਡੇ ਉੱਤੇ, ਸਾਡੀ ਜ਼ਿੰਦਗੀ ਉੱਤੇ ਅਤੇ ਸਾਡੇ ਆਪਣਿਆਂ ਉੱਤੇ ਇੰਨ੍ਹਾਂ ਵੱਧ ਗਿਆ ਹੈ ਅਤੇ ਅਸੀਂ ਸਭ ਇਸ ਦੇ ਇੰਨੇ ਆਦੀ ਹੋ ਗਏ ਜਾਪਦੇ ਹਾਂ ਕਿ ਅਸੀਂ ਆਪਣੇ ਮਨ ਦੇ ਭਾਵਾਂ ਨੂੰ ਅਤੇ ਖੁੱਲ੍ਹੇ ਸੁਭਾਅ ਰਾਹੀਂ ਹਾਸੇ - ਠੱਠੇ ਕਰਨ ਨੂੰ ਪਹਿਲ ਦੇਣ ਤੋਂ ਗੁਰੇਜ਼ ਕਰਨ ਲੱਗ ਪਏ ਹਾਂ ਅਤੇ ਕੇਵਲ ਤੇ ਕੇਵਲ ਸੋਸ਼ਲ ਮੀਡਿਆ 'ਤੇ ਹੀ ਪੂਰਨ ਕੇਂਦਰਿਤ ਹੋ ਕੇ ਸੀਮਿਤ ਹੋ ਗਏ ਹਾਂ। ਇਹ ਸਥਿਤੀ ਆਪਣਿਆਂ ਨੂੰ ਆਪਣਿਆਂ ਤੋਂ ਵੱਖ ਕਰਕੇ ਪਰਿਵਾਰਕ ਸਾਂਝ ਅਤੇ ਭਾਈਚਾਰਕ ਸਾਂਝ ਨੂੰ ਖਦੇੜ ਵੱਲ ਲੈ ਜਾ ਰਹੀ ਹੈ । ਭਾਵੇਂ ਕਿ ਅਸੀਂ ਸੋਸ਼ਲ ਮੀਡਿਆ ਰਾਹੀਂ ਇੱਕ - ਦੂਜੇ ਨਾਲ ਕਾਫ਼ੀ ਜੁੜਾਵ ਮਹਿਸੂਸ ਕਰਦੇ ਹਾਂ , ਪਰ ਅਸਲੀਅਤ ਤਾਂ ਇਸ ਤੋਂ ਕੁਝ ਵੱਖ ਹੈ ਕਿ ਸੋਸ਼ਲ ਮੀਡਿਆ ਇੰਨਾ ਹਾਵੀ ਹੋ ਗਿਆ ਜਾਪਣ ਲੱਗਦਾ ਹੈ ਕਿ ਇੱਕ ਪਰਿਵਾਰ ਦੇ ਵੱਖ - ਵੱਖ ਮੈਂਬਰ ਆਪਸੀ ਵਿਚਾਰ - ਵਟਾਂਦਰੇ ਕਰਨ ਅਤੇ ਮਨ ਦੇ ਵਿਚਾਰਾਂ ਦੀਆਂ ਪਰਤਾਂ ਖੋਲ੍ਹਣ ਅਤੇ ਸਾਂਝੀਆਂ ਕਰਨ ਦੀ ਥਾਂ ਮੋਬਾਇਲ ਫੋਨਾਂ ਅਤੇ ਸੋਸ਼ਲ ਮੀਡੀਆ 'ਤੇ ਹੀ ਪੂਰਨ ਕੇਂਦਰਿਤ ਹੋ ਕੇ ਰਹਿ ਗਏ ਹਨ। ਇਹ ਸਥਿਤੀ ਤੇ ਇਹ ਲਗਾਓ ਹਕੀਕਤ ਤੋਂ ਕਾਫੀ ਦੂਰ ਹੁੰਦਾ ਹੈ ਅਤੇ ਇਹ ਸਥਿਤੀ ਸਥਾਈ ਨਾ ਹੋ ਕੇ ਅਸਥਾਈ ਹੀ ਹੁੰਦੀ ਹੈ। ਹਾਂ, ਕੁਝ ਪਲ ਕੁਝ ਸਮੇਂ ਲਈ ਸੋਸ਼ਲ ਮੀਡਿਆ ਨਾਲ ਜੁੜਨਾ ਸਹੀ ਹੈ , ਪਰ ਘੰਟਿਆਂ ਬੱਧੀ ਆਪਣੀ , ਆਪਣੇ ਪਰਿਵਾਰ ਦੀ ਅਤੇ ਭਾਈਚਾਰਕ ਹੋਂਦ ਨੂੰ ਵਿਸਾਰ ਕੇ ਇਸ ਵਿੱਚ ਹੀ ਰੁਝ ਜਾਣਾ ਬਹੁਤ ਨੁਕਸਾਨਦਾਇਕ ਅਤੇ ਪਰਿਵਾਰਕ ਤੇ ਭਾਈਚਾਰਕ ਸਾਂਝਾਂ ਦੇ ਤਿੜਕਣ ਦਾ ਵੱਡਾ ਕਾਰਨ ਬਣ ਨਿੱਬੜਦਾ ਹੈ । ਨਵੀਂ ਤਕਨੀਕ ਨੂੰ ਜ਼ਰੂਰ ਅਪਣਾਓ , ਉਸ ਦੇ ਲਾਭਾਂ ਨੂੰ ਜ਼ਰੂਰ ਪ੍ਰਾਪਤ ਕਰੋ, ਉਸ ਨਾਲ ਜੁੜੋ, ਪਰ ਇੱਕ ਹੱਦ ਵਿੱਚ ਰਹਿ ਕੇ, ਇੱਕ ਹੋਂਦ ਵਿੱਚ ਰਹਿ ਕੇ, ਇੱਕ ਦਾਇਰੇ ਵਿੱਚ ਰਹਿ ਕੇ ; ਕਿਉਂਕਿ ਅਸੀਂ ਸਭ ਮਨੁੱਖ ਹਾਂ, ਕੋਈ ਬੇਜਾਨ ਪੱਥਰ ਦੀਆਂ ਜਾਂ ਲੋਹੇ ਦੀਆਂ ਮੂਰਤਾਂ ਨਹੀਂ ; ਕਿਉਂਕਿ ਸਾਡੇ ਵਿੱਚ ਭਾਵ ਹਨ, ਸਾਡੇ ਵਿੱਚ ਅਹਿਸਾਸ ਹਨ । ਇਸ ਲਈ ਇਨਸਾਨ ਤੇ ਇਨਸਾਨੀਅਤ ਨੂੰ ਜਿਉਂਦੇ ਰੱਖਣ ਲਈ ਸੋਸ਼ਲ ਮੀਡਿਆ ਨੂੰ ਆਪਣੇ 'ਤੇ ਹਾਵੀ ਕਦੇ ਵੀ ਨਹੀਂ ਹੋਣ ਦੇਣਾ ਚਾਹੀਦਾ ਅਤੇ ਇਹ ਨਾ ਹੋਵੇ ਕਿ ਇਹ ਸਾਡੇ ਪਰਿਵਾਰਕ ਜਾਂ ਸਮਾਜਿਕ ਤੇ ਭਾਈਚਾਰਕ ਤੰਦਾਂ, ਪਿਆਰ ਅਤੇ ਸਾਂਝੀਵਾਲਤਾ ਨੂੰ ਹੀ ਖ਼ਤਮ ਕਰਕੇ ਰੱਖ ਦੇਵੇ ।



ਮਾਸਟਰ ਸੰਜੀਵ ਧਰਮਾਣੀ
9478561356

# ਮੈਡਮ ਵਾਨੀ ਸਰਾਜੂ ਰਾਓ ਇਟਲੀ ਵਿਚ 28ਵੇਂ ਭਾਰਤੀ ਰਾਜਦੂਤ ਨਿਯੁਕਤ



ਰੋਮ ਇਟਲੀ(ਗੁਰਸ਼ਰਨ ਸਿੰਘ ਸੋਨੀ)ਇਟਲੀ ਦੀ ਰਾਜਧਾਨੀ ਰੋਮ ਸਥਿਤ ਭਾਰਤੀ ਅੰਬੈਂਸੀ ਦੇ 28ਵੇਂ ਨਵੇਂ ਸਫ਼ੀਰ (ਰਾਜਦੂਤ)ਮੈਡਮ ਵਾਨੀ ਸਰਾਜੂ ਰਾਓ ਨੂੰ ਭਾਰਤ ਸਰਕਾਰ ਵੱਲੋਂ ਨਿਯੁਕਤ ਕੀਤਾ ਗਿਆ ।ਮੈਡਮ ਸਰਾਜੂ ਰਾਓ ਭਾਰਤੀ ਡਿਪਲੋਮੈਟਿਕ ਕੋਰ ਵਿੱਚ ਸੰਨ 1994 ਨੂੰ ਸ਼ਾਮਲ ਹੋਏ ਜਾਣੀ ਭਾਰਤੀ ਵਿਦੇਸ਼ ਸੇਵਾ (ਆਈ ਐੱਫ ਐੱਸ) 94 ਬੈਚ ਦੇ ਅਧਿਕਾਰੀ ਹਨ।ਉਹ ਰੋਮ ਵਿੱਚ ਮਿਸ਼ਨ ਦੀ ਅਗਵਾਈ ਕਰਨ ਵਾਲੀ ਲਗਾਤਾਰ ਤੀਜੀ ਔਰਤ ਹੈ ਜੋ ਕਿ ਜਲਦ ਹੀ ਆਪਣਾ ਅਹੁੱਦਾ ਸੰਭਾਲ ਰਹੇ ਹਨ।ਇਸ ਤੋਂ ਪਹਿਲਾਂ ਉਹ ਮੰਤਰਾਲੇ ਵਿੱਚ ਸਹਾਇਕ ਸਕੱਤਰ ਵਜੋਂ ਸੰਯੁਕਤ ਰਾਜ ਅਤੇ ਕੈਨੇਡਾ ਨਾਲ ਸਬੰਧਾਂ ਨਾਲ ਨਜਿੱਠਣ ਲਈ ਸੇਵਾ ਨਿਭਾ ਰਹੇ ਸਨ।ਇਸ ਤੋਂ ਪਹਿਲਾਂ ਉਹਨਾਂ 2017 ਤੋਂ 2020 ਤੱਕ ਫਿਨਲੈਂਡ ਅਤੇ ਐਸਟੋਨੀਆ ਵਿੱਚ ਰਾਜਦੂਤ ਅਤੇ ਭਾਰਤੀ ਡਾਇਸਪੋਰਾ ਨਾਲ ਜੁੜਨ ਲਈ ਪ੍ਰੋਗਰਾਮਾਂ ਅਤੇ ਪਹਿਲਕਦਮੀਆਂ ਦੀ ਅਗਵਾਈ ਕਰਨ ਵਾਲੀ ਡਿਪਟੀ ਸਕੱਤਰ ਵਜੋਂ ਕੰਮ ਕੀਤਾ।ਸੰਨ 2011 ਤੋਂ 2014 ਤੱਕ ਉਹ ਮਿਸ਼ਨ ਦੀ ਡਿਪਟੀ ਮੁੱਖੀ ਰਹੀ ਅਤੇ ਇਜ਼ਰਾਈਲ ਵਿੱਚ ਭਾਰਤੀ ਦੂਤਾਵਾਸ ਦੇ ਵਪਾਰਕ ਖੇਤਰ ਦੀ ਅਗਵਾਈ ਕੀਤੀ।ਉਹਨਾਂ ਦੀ ਪਹਿਲੀ ਅਸਾਈਨਮੈਂਟ ਮੈਕਸੀਕੋ ਸਿਟੀ ਵਿੱਚ ਭਾਰਤੀ ਦੂਤਾਵਾਸ ਵਿੱਚ ਸੀ।ਮੈਡਮ ਰਾਓ ਨੇ ਹੈਦਰਾਬਾਦ ਯੂਨੀਵਰਸਿਟੀ ਭਾਰਤ ਤੋਂ ਰਾਜਨੀਤੀ ਸ਼ਾਸਤਰ ਵਿੱਚ ਮਾਸਟਰ ਡਿਗਰੀ ਅਤੇ ਕੈਲੀਫੋਰਨੀਆ ਸੰਯੁਕਤ ਰਾਜ ਅਮਰੀਕਾ ਵਿੱਚ ਸੈਨ ਜੋਸ ਸਟੇਟ ਯੂਨੀਵਰਸਿਟੀ ਤੋਂ ਵਾਤਾਵਰਣ ਅਧਿਐਨ ਵਿੱਚ ਵੀ ਮਾਸਟਰ ਡਿਗਰੀ ਕੀਤੀ ਹੋਈ ਹੈ।ਮੈਡਮ ਵਾਨੀ ਸਰਾਜੂ ਰਾਓ ਮੈਡਮ ਰੀਨਤ ਸੰਧੂ ਅਤੇ ਮੈਡਮ ਡਾਕਟਰ ਨੀਨਾ ਮਲਹੋਤਰਾ ਤੋਂ ਬਾਅਦ ਕੂਟਨੀਤਕ ਮਿਸ਼ਨ ਦੀ ਕਮਾਨ ਸੰਭਾਲਣ ਵਾਲੀ ਲਗਾਤਾਰ ਤੀਜੀ ਔਰਤ ਹੈ।ਭਾਰਤ ਆਜ਼ਾਦ ਹੋਣ ਤੋਂ ਬਾਅਦ ਇਟਲੀ ਸਥਿਤ ਭਾਰਤੀ ਅੰਬੈਂਸੀ ਰੋਮ ਦੇ ਪਹਿਲੇ ਰਾਜਦੂਤ ਸਵਾਮੀਵਾਨ ਰਾਮ ਲਾਲ ਸੰਨ 1949 ਵਿੱਚ ਬਣੇ ਸਨ ਤੇ ਮੈਡਮ ਵਾਨੀ ਸਰਾਜੂ ਰਾਓ 28ਵੇਂ ਰਾਜਦੂਤ ਵਜੋਂ ਸੇਵਾਵਾਂ ਸੰਭਾਲ ਰਹੇ ਹਨ।

## ਫ਼ਰਿਸ਼ਤਾ ਬਣ

ਕੁੱਝ ਪਾਉਣ ਲਈ ਨਹੀ ਆਇਆ
ਸਭ ਲੁਟਾਉਣਾ ਹੈ ਤੇਰੇ ਅੱਗੇ,
ਮਦਦ ਦਾ ਹੱਥ ਵਧਾਓ ਹਰ ਪਾਸੇ
ਜ਼ਰੂਰਤਮੰਦ ਨੂੰ ਕੋਈ ਨਾ ਲੱਭੇ
ਬਹੁਤੀਆਂ ਗੱਲਾਂ ਕਰਕੇ ਜਾਂਦੇ
ਹੌਸਲਾਂ ਬੂਹੇ ਤੇ ਟੰਘਕੇ ਜਾਂਦੇ,
ਖੋਰੇ ਦੁਨੀਆ ਦਾ ਦਸਤੂਰ ਹੈ ਇਹੋ
ਤਾਈਓਂ ਹੱਥ ਬੰਨ੍ਹਕੇ ਖੜ੍ਹ ਜਾਂਦੇ
ਵੇਖੀਆਂ ਨੇ ਅਜੇਹੀਆਂ ਰੂਹਾਂ ਜੱਗ ਤੇ
ਜੋਹੜੀਆਂ ਦਾਨੀ ਬਣ ਸਾਵੇਂ ਆਈਆਂ,
ਤੁਹਾਡੇ ਕਰਕੇ ਕਿਸੇ ਦਾ ਦੁੱਖ ਘੱਟਿਆ
ਇੱਕ ਜ਼ਰੀਆ ਬਣ ਰੌਣਕਾਂ ਲਾਈਆਂ
ਢਿੱਲੋਂ ਨੇ ਜਦ ਦੁੱਖ ਦੇਖਿਆ ਸੁਣਿਆ
ਤਾਂ ਮਨ ਨਾਲ ਰੂਹ ਵੀ ਕੁਮਲਾਈ,
ਕੱਲਾ ਬੰਦਾ ਕਮਜ਼ੋਰ ਜਿਹਾ ਜਾਪੇ
ਇਹ ਗੱਲ ਅੱਜੇ ਸਮਝ ਨਾ ਆਈ
ਹੋ ਸਕੇ ਤੇ ਜ਼ਰੀਆ ਬਣ ਕੇ ਆਓ
ਫ਼ਰਿਸ਼ਤਾ ਬਣ ਦੁੱਖ ਤੂੰ ਮਿਟਾਵੀਂ,
ਪਤਾ ਨਹੀਂ ਕਿਸ ਥਾਂ ਤੇ ਰੱਬ ਮਿਲਦਾ
ਇਹ ਸੋਚ ਕੇ ਆਪਣਾ ਪੈਰ ਵਧਾਵੀਂ
ਇਹ ਸੋਚ ਕੇ ਆਪਣਾ ਪੈਰ ਵਧਾਵੀਂ ।।

ਅਵਤਾਰ ਸਿੰਘ ਢਿੱਲੋਂ (ਅੰਬਰਸਰੀਆ)
ਸਰੀ, ਕੈਨੇਡਾ







# ਗਿੱਪੀ ਗਰੇਵਾਲ ਵੱਲੋਂ 'ਸ਼ਿੰਦਾ ਸ਼ਿੰਦਾ ਨੋ ਪਾਪਾ' ਦਾ ਪਹਿਲਾ ਪੋਸਟਰ ਜਾਰੀ

ਮੁੰਬਈ: ਪੰਜਾਬੀ ਅਦਾਕਾਰ ਗਿੱਪੀ ਗਰੇਵਾਲ ਨੇ ਅੱਜ ਆਪਣੀ ਆਉਣ ਵਾਲੀ ਪਰਿਵਾਰਕ ਮਨੋਰੰਜਨ ਫਿਲਮ 'ਸ਼ਿੰਦਾ ਸ਼ਿੰਦਾ ਨੋ ਪਾਪਾ' ਦਾ ਪਹਿਲਾ ਪੋਸਟਰ ਜਾਰੀ ਕੀਤਾ ਹੈ। ਇਸ ਫਿਲਮ ਵਿੱਚ ਉਸ ਦਾ ਬੇਟਾ ਸ਼ਿੰਦਾ ਤੇ ਅਦਾਕਾਰਾ ਹਿਨਾ ਖਾਨ ਅਹਿਮ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ। 'ਬਿੱਗ ਬੌਸ ਸੀਜ਼ਨ-11' ਦੀ ਮੁਕਾਬਲੇਬਾਜ਼ ਹਿਨਾ ਖਾਨ ਦੀ ਇਹ ਪਹਿਲੀ ਪੰਜਾਬੀ ਫਿਲਮ ਹੈ। ਅਦਾਕਾਰ ਨੇ ਸੋਸ਼ਲ ਮੀਡੀਆ 'ਤੇ ਫਿਲਮ ਦੀ ਪਹਿਲੀ ਝਲਕ ਸਾਂਝੀ ਕੀਤੀ ਹੈ ਜਿਸ ਵਿੱਚ ਗਿੱਪੀ ਤੇ ਹਿਨਾ ਇੱਕ ਦਰਵਾਜ਼ੇ ਪਿੱਛੇ ਲੁਕੋਦਿਖਾਈ ਦੇ ਰਹੇ ਹਨ ਤੇ ਉਸ ਦਾ ਬੇਟਾ ਸ਼ਿੰਦਾ ਦਰਵਾਜ਼ਾ ਦੇ ਵਿਚਕਾਰ ਖੜ੍ਹਾ ਹੈ। ਇਸ ਪੋਸਟਰ ਵਿੱਚ ਗਿੱਪੀ ਨੇ ਸੰਤਰੀ ਟੀ-ਸ਼ਰਟ ਤੇ ਕਾਲੀ ਜੀਨਸ ਪਹਿਨੀ ਹੋਈ ਹੈ। ਉਸਨੇ ਪੋਸਟ ਸਾਂਝੀ



ਕਰਦਿਆਂ ਆਖਿਆ,"ਸ਼ਿੰਦਾ ਸ਼ਿੰਦਾ ਨੋ ਪਾਪਾ ਦੀ ਪਹਿਲੀ ਝਲਕ ਜਾਰੀ... ਅਗਾਮੀ 10 ਮਈ ਨੂੰ ਸਿਨੇਮਾ ਘਰਾਂ ਵਿੱਚ ਮਿਲਦੇ ਹਾਂ।"ਇਸ ਪੋਸਟਰ ਦੇ ਜਾਰੀ ਹੋਣ ਤੋਂ ਬਾਅਦ ਹਿਨਾ ਦੇ ਪ੍ਰਸ਼ੰਸਕਾਂ ਨੇ ਪਿਆਰ ਭਰੀਆਂ ਟਿੱਪਣੀਆਂ ਕੀਤੀਆਂ ਹਨ ਤੇ ਉਸ ਦੀ ਪਹਿਲੀ ਪੰਜਾਬੀ ਫਿਲਮ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਹ ਫਿਲਮ ਅਮਰਪ੍ਰੀਤ ਜੀਐੱਸ ਛਾਬੜਾ ਦੇ ਨਿਰਦੇਸ਼ਨ ਹੇਠ ਬਣੀ ਹੈ ਜਿਸ ਨੂੰ ਨਰੇਸ਼ ਕਥੂਰੀਆ ਨੇ ਲਿਖਿਆ ਅਤੇ ਗਿੱਪੀ ਤੇ ਰਵਨੀਤ ਕੌਰ ਗਰੇਵਾਲ ਨੇ ਪ੍ਰੋਡਿਊਸ ਕੀਤਾ ਹੈ। ਇਹ ਫਿਲਮ ਸਿਨੇਮਾ ਘਰਾਂ ਵਿੱਚ 10 ਮਈ ਨੂੰ ਰਿਲੀਜ਼ ਕੀਤੀ ਜਾਵੇਗੀ। ਇੱਥੇ ਦੱਸਣਯੋਗ ਹੈ ਕਿ 'ਸ਼ਿੰਦਾ' ਦੀ ਪਹਿਲੀ ਫਿਲਮ 'ਹੌਂਸਲਾ ਰੱਖ' ਦਿਲਜੀਤ ਨਾਲ ਆਈ ਸੀ ਤੇ ਕਾਫ਼ੀ ਕਾਮਯਾਬ ਰਹੀ ਸੀ।

# ਸਿਨੇਮਾ ਇਕੱਲਿਆਂ ਕ੍ਰਾਂਤੀ ਨਹੀਂ ਲਿਆ ਸਕਦਾ-ਮਨੋਜ ਬਾਜਪਾਈ

ਮੁੰਬਈ: ਅਦਾਕਾਰ ਮਨੋਜ ਬਾਜਪਾਈ ਦਾ ਕਹਿਣਾ ਹੈ ਕਿ ਸਿਨੇਮਾ ਇਕੱਲਿਆਂ ਕ੍ਰਾਂਤੀ ਨਹੀਂ ਲਿਆ ਸਕਦਾ। ਅਦਾਕਾਰ ਨੇ ਇਹ ਗੱਲ ਆਪਣੀ ਆਉਣ ਵਾਲੀ ਫ਼ਿਲਮ 'ਸਾਈਲੈਂਸ 2: ਦਿ ਨਾਈਟ ਆਊਲ ਬਾਰ ਸ਼ੂਟਆਊਟ' ਦਾ ਟ੍ਰੇਲਰ ਜਾਰੀ ਕਰਨ ਲਈ ਹੋਏ ਸਮਾਗਮ ਦੌਰਾਨ ਆਖੀ। ਇਸ ਦੌਰਾਨ ਉਸ ਨੇ ਕਲਾ ਨੂੰ ਅੰਦੋਲਨਾਂ ਨੂੰ ਗਤੀ ਦੇਣ ਵਾਲਾ ਰਾਹ ਦੱਸਿਆ ਬਾਜਪਾਈ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿਨੇਮਾ ਸਮਾਜ ਲਈ ਸ਼ੀਸ਼ਾ ਹੋ ਸਕਦਾ ਹੈ ਪਰ ਸਿਨੇਮਾ ਅੰਦੋਲਨ ਸ਼ੁਰੂ ਨਹੀਂ ਕਰ ਸਕਦਾ। ਇਹ ਅੰਦੋਲਨ ਦਾ ਹਿੱਸਾ ਹੋ ਸਕਦਾ ਹੈ। ਸਿਨੇਮਾ ਇਕੱਲਿਆਂ ਕੁੱਝ ਨਹੀਂ ਕਰ ਸਕਦਾ ਹਰ ਸ਼ਾਸਕ ਨੇ ਸਿਨੇਮਾ ਜਾਂ ਕਲਾ ਦੀ ਆਪਣੇ ਢੰਗ ਨਾਲ ਵਰਤੋਂ ਕੀਤੀ ਹੈ।' ਅਮਿਤਾਭ ਬੱਚਨ ਦੀਆਂ '70ਵਿਆਂ ਦੀਆਂ ਫ਼ਿਲਮਾਂ ਵਿੱਚ 'ਐਂਗਰੀ ਯੰਗ ਮੈਨ' ਦੇ ਅਕਸ ਦੀ ਮਿਸਾਲ ਦਿੰਦਿਆਂ ਬਾਜਪਾਈ ਨੇ ਕਿਹਾ ਕਿ ਇਹ ਅਕਸ ਉਸ ਸਮੇਂ ਬਣ ਗਿਆ ਜਦੋਂ ਦੇਸ਼ ਵਿੱਚ ਹਰ ਨੌਜਵਾਨ ਬੇਰੁਜ਼ਗਾਰੀ ਅਤੇ ਨਿਰਾਸ਼ਾ ਨਾਲ ਜੂਝ ਰਿਹਾ ਸੀ। ਸਮਾਗਮ ਵਿੱਚ ਪ੍ਰਾਚੀ ਦੇਸਾਈ, ਪਾਰੁਲ ਗੁਲਾਟੀ, ਸਾਹਿਲ ਵੈਦ, ਦਿਨਕਰ ਸ਼ਰਮਾ ਆਦਿ ਸ਼ਾਮਲ ਸਨ। ਕਾਬਲੇਗੌਰ ਹੈ ਕਿ ਜ਼ੀ ਸਟੂਡੀਓਜ਼ ਅਤੇ ਕੈਂਡਿਡ ਕ੍ਰੀਏਸ਼ਨ ਵੱਲੋਂ ਬਣਾਈ ਫ਼ਿਲਮ 'ਸਾਈਲੈਂਸ 2: ਨਾਈਟ ਆਊਲ ਬਾਰ ਸ਼ੂਟਆਊਟ' ਦਾ ਪ੍ਰੀਮੀਅਰ 16 ਅਪਰੈਲ ਨੂੰ ਜ਼ੀ5 'ਤੇ ਹੋਵੇਗਾ।



# ਰਸ਼ਮਿਕਾ ਨੇ ਮਲਿਆਲਮ ਫ਼ਿਲਮ ਜਗਤ ਵਿਚ ਪੈਰ ਧਰਿਆ

ਮੁੰਬਈ-ਬੌਲੀਵੁੱਡ ਅਦਾਕਾਰਾ ਰਸ਼ਮਿਕਾ ਮੰਦਾਨਾ ਮਲਿਆਲਮ ਫ਼ਿਲਮ ਜਗਤ ਵਿੱਚ ਪੈਰ ਧਰਨ ਜਾ ਰਹੀ ਹੈ। ਫਿਲਮ ਨਿਰਮਾਤਾ ਰਾਹੁਲ ਰਵਿੰਦਰਨ ਨੇ ਅਦਾਕਾਰਾ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹੇ ਹਨ ਕਿਉਂਕਿ ਰਸ਼ਮਿਕਾ ਹੁਣ ਤੱਕ ਪੰਜ ਭਾਸ਼ਾਵਾਂ ਵਿੱਚ ਫਿਲਮਾਂ 'ਡੱਬ' ਕਰ ਚੁੱਕੀ ਹੈ। ਹੁਣ ਰਸ਼ਮਿਕਾ ਪਹਿਲੀ ਮਲਿਆਲਮ ਫਿਲਮ 'ਦਿ ਗਰਲਫਰੈਂਡ' ਆ ਰਹੀ ਹੈ। ਰਾਹੁਲ ਨੇ 'ਐਕਸ' ਆਖਿਆ, "ਰਸ਼ਮਿਕਾ ਪੰਜ ਭਾਸ਼ਾਵਾਂ ਵਿੱਚ ਟੀਜ਼ਰ ਲਈ ਫਿਲਮਾਂ ਡੱਬ ਕਰ ਚੁੱਕੀ ਹੈ। ਹੁਣ ਉਸ ਨੇ ਮਲਿਆਲਮ ਵਿੱਚ ਵੀ ਡੱਬ ਕਰ ਲਿਆ ਹੈ! ਹਾਲਾਂਕਿ ਰਸ਼ਮਿਕਾ ਨੇ ਇਸ ਭਾਸ਼ਾ ਵਿਚ ਪਹਿਲਾਂ ਕਦੇ ਵੀ ਕੰਮ ਨਹੀਂ ਕੀਤਾ ਸੀ।" ਜਾਣਕਾਰੀ ਅਨੁਸਾਰ ਇਸ ਫ਼ਿਲਮ ਦਾ ਟੀਜ਼ਰ ਪੰਜ ਅਪਰੈਲ ਨੂੰ ਰਸ਼ਮਿਕਾ ਦੇ ਜਨਮ ਦਿਨ ਮੌਕੇ ਰਿਲੀਜ਼ ਹੋਵੇਗਾ। ਫ਼ਿਲਮ 'ਦਿ ਗਰਲਫਰੈਂਡ' ਰਾਹੁਲ ਰਵਿੰਦਰਨ ਦੇ ਨਿਰਦੇਸ਼ਨ ਹੇਠ ਬਣਨ ਵਾਲੀ ਦੂਜੀ ਫਿਲਮ ਹੋਵੇਗੀ। ਰਾਹੁਲ ਨੇ ਇਸ ਫਿਲਮ ਦਾ ਪੋਸਟਰ ਸਾਂਝਾ ਕਰਦਿਆਂ ਆਖਿਆ,"ਮੇਰੇ ਨਿਰਦੇਸ਼ਨ ਹੇਠ ਬਣਨ ਵਾਲੀ ਫ਼ਿਲਮ ਦੀ ਇੱਕ ਝਲਕ। ਮੈਂ ਆਪਣੀ ਦੂਜੀ ਫ਼ਿਲਮ ਦੀ ਸ਼ੁਰੂਆਤ ਕਰਨ ਲਈ ਬਹੁਤ ਖ਼ੁਸ਼ ਹਾਂ। ਮੈਂ ਹੁਣ ਸ਼ੂਟਿੰਗ ਸ਼ੁਰੂ ਕਰਨ ਦਾ ਹੋਰ ਇੰਤਜ਼ਾਰ ਨਹੀਂ ਕਰ ਸਕਦਾ" ਇਹ ਇੱਕ ਮੁਹੱਬਤੀ ਫਿਲਮ ਹੈ ਜਿਸ ਦੇ ਪੁਰਸ਼ ਅਦਾਕਾਰ ਦਾ ਐਲਾਨ ਹੋਣਾ ਬਾਕੀ ਹੈ।




ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਆਪ ਸਭ ਨੂੰ ਲੱਖ-ਲੱਖ ਵਧਾਈਆਂ



GURDWARA SAHIB BROOKSIDE
CANADIAN RAMGARHIA SOCIETY

ਧੰਨਵਾਦ ਸਹਿਤ
ਸਮੂਹ ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਬਰੁੱਕਸਾਈਡ

8365, 140 ਸਟਰੀਟ, ਸਰੀ, ਬੀ.ਸੀ. ਕੈਨੇਡਾ V3W 5K9

# ਉੱਚੇ ਕੱਦ ਦਾ ਮਾਲਕ ਰਾਣਾ ਰਣਬੀਰ

ਰਜਨੀ ਭਗਾਣੀਆ

ਹਰ ਇਨਸਾਨ ਵਿੱਚ ਕੋਈ ਨਾ ਕੋਈ ਗੁਣ ਜ਼ਰੂਰ ਮੌਜੂਦ ਹੁੰਦਾ ਹੈ ਬਸ ਜ਼ਰੂਰਤ ਹੁੰਦੀ ਹੈ ਉਸ ਗੁਣ ਨੂੰ ਤਰਾਸ਼ਣ ਦੀ। ਇੱਥੇ ਗੱਲ ਆਉਂਦੀ ਹੈ ਖ਼ੁਦ ਨੂੰ ਤਰਾਸ਼ਣ ਵਾਲੇ ਅਦਾਕਾਰ, ਹਾਸਰਸ ਕਲਾਕਾਰ, ਲੇਖਕ ਤੇ ਨਿਰਦੇਸ਼ਕ ਵਜੋਂ ਪਛਾਣ ਬਣਾਉਣ ਵਾਲੇ ਰਾਣਾ ਰਣਬੀਰ ਦੀ। ਉਸ ਦਾ ਜਨਮ 9 ਅਪਰੈਲ 1970 ਨੂੰ ਧੂਰੀ, ਜ਼ਿਲ੍ਹਾ ਸੰਗਰੂਰ ਵਿਖੇ ਪਿਤਾ ਮਾਸਟਰ ਮੋਹਨ ਸਿੰਘ ਦੇ ਘਰ ਹੋਇਆ। ਉਸ ਨੇ ਆਪਣੀ ਮੁੱਢਲੀ ਸਿੱਖਿਆ ਤੋਂ ਬਾਅਦ ਗ੍ਰੈਜੂਏਸ਼ਨ ਦੇਸ਼ ਭਗਤ ਕਾਲਜ ਧੂਰੀ ਤੋਂ ਤੇ ਥੀਏਟਰ ਅਤੇ ਟੈਲੀਵਿਜ਼ਨ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਪਤ ਕੀਤੀ।

ਜ਼ਿਆਦਾਤਰ ਇਹ ਹੁੰਦਾ ਹੈ ਕਿ ਜੋ ਜਿਸ ਖੇਤਰ ਵਿੱਚ ਕਾਮਯਾਬ ਹੁੰਦਾ ਹੈ ਉਹ ਉਸ ਦਾ ਸ਼ੌਕ ਜ਼ਰੂਰ ਰੱਖਦਾ ਹੈ, ਪਰ ਰਾਣਾ ਰਣਬੀਰ ਨਾਲ ਅਜਿਹਾ ਨਹੀਂ ਸੀ। ਉਸ ਦਾ ਕਹਿਣਾ ਹੈ ਕਿ ਬਹੁਤ ਸਾਰੇ ਲੋਕ ਅਜਿਹੇ ਹੁੰਦੇ ਹਨ ਜੋ ਦੂਜਿਆਂ ਦੇ ਰੰਗ ਰੂਪ, ਕੱਦ ਕਾਠ, ਸਰੀਰਕ ਬਣਤਰ ਨੂੰ ਲੈ ਕੇ ਮਜ਼ਾਕ ਕਰਦੇ ਰਹਿੰਦੇ ਹਨ। ਉਹ ਸਕੂਲ ਸਮੇਂ ਤੋਂ ਹੀ ਆਪਣੇ ਛੋਟੇ ਕੱਦ-ਕਾਠ ਕਾਰਨ ਹਾਸੇ ਦਾ ਪਾਤਰ ਰਿਹਾ। ਸਕੂਲ ਵਿੱਚ ਉਸ ਦਾ ਮਜ਼ਾਕ ਉਡਾਇਆ ਜਾਂਦਾ ਤੇ ਕਾਲਜ ਵਿੱਚ ਵੀ ਇਹੀ ਸਿਲਸਿਲਾ ਜਾਰੀ ਰਿਹਾ। ਉਹ ਅਕਸਰ ਆਪਣੇ ਆਂਢ-ਗੁਆਂਢ, ਸਕੂਲ ਅਧਿਆਪਕਾਂ, ਦੋਸਤਾਂ ਤੇ ਰਿਸ਼ਤੇਦਾਰਾਂ ਤੋਂ ਆਪਣੇ ਛੋਟੇ ਕੱਦ ਕਾਰਨ ਕਈ ਗੱਲਾਂ ਸੁਣਦਾ ਜੋ ਉਸ ਨੂੰ ਜ਼ਿੰਦਗੀ ਵਿੱਚ ਬਹੁਤ ਵੱਡੀ ਕਮੀ ਹੋਣ ਦਾ ਅਹਿਸਾਸ ਕਰਾਉਂਦੇ ਰਹੇ। ਨਤੀਜੇ ਵਜੋਂ ਉਸ ਦਾ ਪੜ੍ਹਾਈ ਵਿੱਚ ਮਨ ਨਹੀਂ ਸੀ ਲੱਗਦਾ।

ਇਨ੍ਹਾਂ ਗੱਲਾਂ ਦਾ ਸਾਹਮਣਾ ਕਰਦੇ ਜਦੋਂ ਕਾਲਜ ਦੀ ਸ਼ੁਰੂਆਤ ਕੀਤੀ ਤਾਂ ਇਹ ਸਿਲਸਿਲਾ ਹੋਰ ਜ਼ਿਆਦਾ ਵਧ ਗਿਆ। ਕਦੇ ਮੁੰਡੇ ਉਸ ਨੂੰ ਕੱਛ ਵਿੱਚ ਲੈ ਕੇ ਗੱਲ ਕਰਦੇ ਤੇ ਕੋਈ ਬਚੀ,



ਬੌਣਾ ਜਿਹਾ, ਤੂੰ ਖੜ੍ਹਾ ਕਿ ਬੈਠਾ, ਤੂੰ ਤਾਂ ਦਿਸਦਾ ਈ ਨੀਂ ਇਸ ਤਰ੍ਹਾਂ ਦੀਆਂ ਗੱਲਾਂ ਨੇ ਉਸ ਨੂੰ ਇਹ ਮਹਿਸੂਸ ਕਰਵਾਇਆ ਕਿ ਉਹ ਸ਼ਾਇਦ ਇਸ ਦੁਨੀਆ ਲਈ ਨਹੀਂ ਬਣਿਆ। ਇੱਥੋਂ ਤੱਕ ਕਿ ਲੋਕਾਂ ਦੀਆਂ ਗੱਲਾਂ ਤੋਂ ਤੰਗ ਆ ਕੇ ਰਾਣੇ ਨੇ ਆਪਣੀ ਜ਼ਿੰਦਗੀ ਨੂੰ ਇਸ ਤਰ੍ਹਾਂ ਬਣਾ ਲਿਆ ਸੀ ਕਿ ਨਾ ਕਿਸੇ ਨਾਲ ਬੋਲਣਾ ਨਾ ਖੇਡਣਾ ਬਸ ਚੁੱਪ ਚਾਪ ਜਿਹੇ ਤੇ ਗੁੱਸੇ ਵਿੱਚ ਰਹਿਣਾ। ਇਹ ਸਭ ਚੱਲ ਰਿਹਾ ਸੀ ਤਾਂ ਇੱਕ ਦਿਨ ਕੁਝ ਵਿਦਿਆਰਥੀਆਂ ਦੇ ਮਜ਼ਾਕ ਤੋਂ ਬਚਣ ਲਈ ਰਾਣਾ ਲਾਇਬ੍ਰੇਰੀ ਵਾਲੇ ਕਮਰੇ ਵਿੱਚ ਜਾ ਵੜਿਆ। ਉਸ ਦੀ ਨਜ਼ਰ ਲਾਇਬ੍ਰੇਰੀ ਵਿੱਚ ਪਈ ਕਿਤਾਬ 'ਪੂਰਨਮਾਸ਼ੀ' (ਜਸਵੰਤ ਸਿੰਘ ਕੰਵਲ ਦਾ ਨਾਵਲ) 'ਤੇ ਪਈ ਤੇ ਇਹ ਨਾਵਲ ਰਾਣੇ ਨੇ ਪੜ੍ਹਨ ਲਈ ਰੱਖ ਲਿਆ। ਇਸ ਨੂੰ ਪੜ੍ਹਨ ਨਾਲ ਉਸ ਨੂੰ ਬਹੁਤ ਆਤਮ-ਵਿਸ਼ਵਾਸ ਮਿਲਿਆ, ਜਿਵੇਂ ਉਸ ਨੂੰ ਜਿਊਣ ਦਾ ਹੌਸਲਾ ਮਿਲ ਗਿਆ ਹੋਵੇ। ਉਸ ਤੋਂ ਬਾਅਦ ਉਸ ਨੇ ਕਿਤਾਬਾਂ ਦਾ ਲੜ ਫੜ ਲਿਆ ਤੇ ਹੋਰ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਕਿਤਾਬਾਂ ਨੇ ਉਸ ਨੂੰ ਆਪਣੇ ਪ੍ਰਤੀ ਵਿਸ਼ਵਾਸ ਪੈਦਾ ਕਰਨ ਵਿੱਚ ਬਹੁਤ ਮਦਦ ਕੀਤੀ।

ਕਿਤਾਬਾਂ ਤੋਂ ਮਿਲੇ ਆਤਮ-ਵਿਸ਼ਵਾਸ ਰਾਹੀਂ ਉਸ ਨੇ ਪਹਿਲੀ ਵਾਰ ਕਾਲਜ ਦੇ ਯੂਥ ਫੈਸਟੀਵਲ ਵਿੱਚ ਹਿੱਸਾ ਲਿਆ ਤੇ 'ਅੰਨ੍ਹੇ ਨਿਸ਼ਾਨਚੀ' ਨਾਟਕ ਖੇਡਿਆ। ਇਸ ਨਾਟਕ ਨੂੰ ਖੇਡਣ ਮਗਰੋਂ ਉਸ ਨੂੰ ਬਹੁਤ ਹੌਸਲਾ ਅਫ਼ਜ਼ਾਈ ਮਿਲੀ। ਉਸ ਤੋਂ ਬਾਅਦ ਉਹ ਅੱਗੇ ਵਧਿਆ ਤੇ ਬਹੁਤ ਸਾਰੇ ਮਸ਼ਹੂਰ ਹਾਸਰਸ ਕਲਾਕਾਰਾਂ ਨਾਲ 65 ਦੇ ਕਰੀਬ ਨਾਟਕ ਲਿਖੇ ਵੀ ਤੇ ਦੇਸ਼ ਦੀਆਂ ਵੱਖ-ਵੱਖ ਥਾਵਾਂ 'ਤੇ ਖੇਡੇ। ਉਸ ਦੇ ਲਿਖੇ ਕੁਝ ਸਟੇਜ ਨਾਟਕ ਹਨ, 'ਜ਼ਿੰਦਗੀ ਜ਼ਿੰਦਾਬਾਦ', 'ਜਸਮਾ ਓਡਨ', 'ਆਲ੍ਹਾ ਅਫ਼ਸਰ', 'ਅਖੀਰ ਕਦੋਂ ਤੱਕ', 'ਖੇਤਾਂ ਦਾ ਪੁੱਤ' ਅਤੇ 'ਗੁੱਡ ਮੈਨ ਦੀ ਲਾਲਟੈਣ' ਆਦਿ। ਇਨ੍ਹਾਂ ਦੇ ਇਲਾਵਾ ਲਘੂ ਫਿਲਮਾਂ ਵਿੱਚ 'ਖਿੱਚ ਘੁੱਗੀ ਖਿੱਚ', 'ਰਾਂਝਾ ਕਹਿੰਦਾ ਟੈਂਸ਼ਨ ਨੀਂ ਲੈਣੀ', 'ਮਿੱਠੀ', 'ਵਾਏ ਤੇ ਉਲਫਤ' ਅਤੇ ਟੀਵੀ ਲੜੀਵਾਰਾਂ ਵਿੱਚ 'ਪਰਛਾਵੇਂ', 'ਚਿੱਟਾ ਲਹੂ' ਅਤੇ 'ਪ੍ਰੋਫੈਸਰ ਮਨੀ ਪਲਾਂਟ' ਦੇ ਨਾਮ ਸ਼ਾਮਲ ਹਨ।

ਟੈਲੀਵਿਜ਼ਨ 'ਤੇ ਆਉਣ ਦਾ ਮੌਕਾ ਉਸ ਨੂੰ 2000 'ਚ ਆਏ ਭਗਵੰਤ ਮਾਨ ਦੇ ਹਾਸਰਸ ਸ਼ੋਅ 'ਜੁਗਨੂੰ ਮਸਤ ਮਸਤ' ਤੇ 'ਨੌਟੀ ਨੰ. 1' ਵਿੱਚ ਹਿੱਸਾ ਲੈ ਕੇ ਮਿਲਿਆ। ਉਸ ਨੇ 'ਚਿੱਟਾ ਲਹੂ' ਅਤੇ 'ਪਰਛਾਵੇਂ' ਵਰਗੇ ਟੈਲੀਵਿਜ਼ਨ ਪ੍ਰੋਗਰਾਮਾਂ ਵਿੱਚ ਵੀ ਕੰਮ ਕੀਤਾ। ਇਸ ਤਰ੍ਹਾਂ ਉਸ ਦੇ ਹੁਨਰ ਨੂੰ ਪਛਾਣ ਮਿਲੀ ਤੇ ਉਸ ਦਾ ਫਿਲਮੀ ਸਫ਼ਰ ਸ਼ੁਰੂ ਹੋਇਆ। ਇਸ ਵਿੱਚ 'ਰੱਬ ਨੇ ਬਣਾਈਆਂ ਜੋੜੀਆਂ', 'ਮੇਰਾ ਪਿੰਡ', 'ਲੱਗਦੇ ਇਸ਼ਕ ਹੋ ਗਿਆ', 'ਚੱਕ ਜਵਾਨਾ', 'ਇੱਕ ਕੁੜੀ ਪੰਜਾਬ ਦੀ', 'ਕਬੱਡੀ ਇੱਕ ਮੁਹੱਬਤ', 'ਮਿੱਟੀ ਵਾਜਾਂ ਮਾਰਦੀ', 'ਪਤਾ ਨੀਂ ਰੱਬ ਕਿਹੜਿਆਂ ਰੰਗਾਂ ਵਿੱਚ ਰਾਜ਼ੀ', 'ਨੌਹਰ ਮਿੱਤਰਾਂ ਦੀ', 'ਕੈਰੀ ਆਨ ਜੱਟਾ', 'ਯਮਲੇ ਜੱਟ ਯਮਲੇ', 'ਰੰਗੀਲੇ', 'ਫੇਰ ਮਾਮਲਾ ਗੜਬੜ ਹੈ', 'ਕਬੱਡੀ ਵਨਸ ਅਗੇਨ', 'ਮੁੰਡੇ ਯੂ.ਕੇ ਦੇ', 'ਸਾਡੀ ਵੱਖਰੀ ਹੈ ਸ਼ਾਨ', 'ਓਏ ਹੋਏ ਪਿਆਰ ਹੋ ਗਿਆ', 'ਗੋਰਿਆਂ ਨੂੰ ਦਫ਼ਾ ਕਰੋ', 'ਮੰਜੇ ਬਿਸਤਰੇ', 'ਅਰਦਾਸ', 'ਲਵ ਪੰਜਾਬ', 'ਅਰਦਾਸ ਕਰਾਂ', 'ਸ਼ਾਵਾ ਨੀਂ ਗਿਰਧਾਰੀ ਲਾਲ', 'ਅੰਬਰਸਰੀਆ', 'ਅਸੀਸ', 'ਨਾਬਰ', 'ਪੰਜਾਬ 1984' ਆਦਿ ਉਸ ਦੀ ਵਿਲੱਖਣ ਅਦਾਕਾਰੀ ਲਈ ਜ਼ਿਕਰਯੋਗ ਹਨ।

ਰਾਣੇ ਨੇ ਦੱਸਿਆ ਕਿ ਉਸ ਨੂੰ ਪੰਜਾਬੀ ਸਿਨੇਮਾ ਵਿੱਚ ਪ੍ਰਸਿੱਧ ਨਿਰਮਾਤਾ ਤੇ ਨਿਰਦੇਸ਼ਕ ਮਨਮੋਹਣ ਸਿੰਘ (ਮਨ ਜੀ) ਲੈ ਕੇ ਆਏ। ਜਿਸ ਦੇ ਯਕੀਨ ਸਦਕਾ ਉਸ ਨੂੰ ਉਨ੍ਹਾਂ ਦੁਆਰਾ ਲਿਖੀ ਫਿਲਮ 'ਮੁੰਡੇ ਯੂ ਕੇ ਦੇ' ਵਿੱਚ ਪਹਿਲੀ ਵਾਰ (ਸੰਵਾਦ) ਲਿਖਣ ਦਾ ਮੌਕਾ ਮਿਲਿਆ ਤੇ ਉਸ ਦੀ ਲੇਖਣੀ ਨੂੰ ਪਛਾਣ ਮਿਲੀ। ਇਸ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ 'ਇੱਕ ਕੁੜੀ ਪੰਜਾਬ ਦੀ', 'ਅੱਜ ਦੇ ਰਾਂਝੇ', 'ਕਬੱਡੀ ਇੱਕ ਮੁਹੱਬਤ', 'ਫੇਰ ਮਾਮਲਾ ਗੜਬੜ', 'ਅਰਦਾਸ', 'ਅਰਦਾਸ ਕਰਾਂ', 'ਰੰਗੀਲੇ', 'ਮੰਜੇ ਬਿਸਤਰੇ', 'ਆ ਗਏ ਮੁੰਡੇ ਯੂ ਕੇ ਦੇ', 'ਲਾਲ ਸਿੰਘ ਚੱਢਾ' (ਹਿੰਦੀ), 'ਸ਼ਾਵਾ ਨੀਂ ਗਿਰਧਾਰੀ ਲਾਲ' ਆਦਿ ਫਿਲਮਾਂ ਦੇ ਦਿਲ ਨੂੰ ਛੂਹ ਜਾਣ ਵਾਲੇ ਸ਼ਾਨਦਾਰ ਸੰਵਾਦ ਲਿਖੇ। ਇਹੀ ਨਹੀਂ ਉਸ ਨੇ ਬਤੌਰ ਪਟਕਥਾ ਲੇਖਕ ਤੇ ਨਿਰਦੇਸ਼ਕ 'ਮਾਂ', 'ਅਸੀਸ', 'ਪੋਸਤੀ', 'ਸਨੋਮੈਨ' ਅਤੇ 'ਮਨਸੂਬਾ' ਫਿਲਮਾਂ ਪੇਸ਼ ਕੀਤੀਆਂ ਜਿਨ੍ਹਾਂ ਵਿੱਚ ਰਿਸ਼ਤਿਆਂ ਦੀਆਂ ਕੌੜੀਆਂ, ਮਿੱਠੀਆਂ ਗੱਲਾਂ ਨੂੰ ਦਰਸਾਉਂਦੇ ਭਾਵ ਦਿਖਾਏ ਗਏ। ਉਸ ਦੇ ਕਈ ਕਾਵਿ ਸੰਗ੍ਰਹਿ ਤੇ ਨਾਵਲ ਵੀ ਪ੍ਰਕਾਸ਼ਿਤ ਹੋਏ।

ਰਾਣੇ ਨੇ ਆਪਣੀ ਲੇਖਣੀ ਰਾਹੀਂ ਤਾਂ ਲੋਕਾਂ ਨੂੰ ਆਪਣਾ ਮੁਰੀਦ ਕੀਤਾ ਹੀ, ਇਸ ਦੇ ਨਾਲ ਆਪਣੀ ਜ਼ਿੰਦਗੀ ਦੇ ਤਜਰਬਿਆਂ ਨੂੰ ਵੰਡਣਾ ਸ਼ੁਰੂ ਕੀਤਾ ਤੇ ਇੱਕ ਸਕਾਰਾਤਮਕ ਪ੍ਰੇਰਣਾਦਾਇਕ ਸਪੀਕਰ ਦੇ ਤੌਰ 'ਤੇ ਵੀ ਸਾਹਮਣੇ ਆਇਆ। ਉਹ ਅਕਸਰ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਨਾਲ ਪ੍ਰੇਰਣਾਦਾਇਕ ਗੱਲਾਂ ਕਰਦਾ ਸੁਣਿਆ ਜਾਂਦਾ ਹੈ। ਆਪਣੀ ਮਿਹਨਤ ਸਦਕਾ ਉਸ ਨੂੰ ਬਹੁਤ ਸਾਰੇ ਮਾਣ-ਸਨਮਾਨ ਵੀ ਪ੍ਰਾਪਤ ਹੋਏ ਹਨ।

Buying Your Home?

Need a Quick Approval for Pre-Sale of Condo?

Ranked One of The "TOP MORTGAGE BROKERS" in Canada

2022 TOP 75 BROKERS CMP

plus BONUS* FREE LEGAL FEE & APPRAISAL



Our Symbol of Care & Service

Superior Mortgage

Unit 244-8138-128 Street, Surrey

604 507 1000

ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।

STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118

FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।

FORKLIFT DRIVERS NEEDED

Gold Key INSURANCE

# Explore Your Options

ਪੰਜਾਬੀ
हिंदी

Number 1 in the Community for 25 years.

# Stop Paying Too Much!

Get **10 Quotes** instead of 1

Compare from the top Canadian Insurers



intact INSURANCE · Wawanesa Insurance · family INSURANCE · GORE MUTUAL › GO FORWARD · TRAVELERS

PEACE HILLS INSURANCE · MAX INSURANCE · AVIVA · MUTUAL FIRE INSURANCE · OPTIMUM.

HOME | AUTO | ICBC | CONDO | BUSINESS | TRUCKING | TENANTS | TRAVEL MEDICAL | MOTORBIKE | BOAT

CALL NOW

## 604 502 0441

**ICBC** ONLINE AND DELIVERY AVAILABLE.

**$50 VISA Gift Card for all quotes.**

($25 for Condo) No Obligations to purchase, let's try to save you money. *Limited time offer.*

**SURREY**
**(604) 502 0441**
FAX (604) 502 0417
5-8430 128TH ST.
SURREY, BC
V3W 4G3

**NORTH VANCOUVER**
**(604) 635 2048**
FAX (604) 635 2049
110-845 MARINE DR.
NORTH VANCOUVER, BC
V7P 0A8

**VANCOUVER**
**(604) 325 1241**
FAX (604) 325 1414
4038 KNIGHT ST.
VANCOUVER, BC
V5N 5Y7

**OAKWEST**
**(604) 266 5533**
FAX (604) 266 2379
6260 EAST BLVD.
VANCOUVER, BC
V6M 3VJ

**OPEN 7 DAYS**

ICBC Autoplan

www.goldkeyinsurance.ca

G k


fruiticana hee jaana!
Your one and only Punjabi
neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
UNBEATABLE EXTRA SUPER SPECIAL
Rajan Mangoes (Haden) 4 kg
ਰਾਜਨ ਹੇਡਨ ਅੰਬ
$17.99 box
EXTRA SUPER SUPER SPECIAL
Jumbo Size Cauliflower (Size 9)
ਵੱਡਾ ਗੋਬੀ ਦਾ ਫੁੱਲ ਸਾਈਜ਼ 9
$3.49 ea.
Roasted Peanuts in Shell
ਭੁੱਜੀ ਮੂੰਗਫਲੀ
$1.88 lb
SUPER SPECIAL
Yellow Onions 50 lbs
ਪੀਲੇ ਗੰਢੇ
$23.98 bag
SUPER SPECIAL
Fresh Ginger
ਤਾਜ਼ਾ ਅਦਰਕ
$1.79 lb
SUPER SPECIAL
Red Onions 25 lbs
ਲਾਲ ਗੰਢੇ
$24.99 bag
Red Lentil Split
ਧੋਤੀ ਮਸਰਾਂ ਦੀ ਦਾਲ
88¢ lb
Fine Cane Sugar (Indican) 4 lbs
ਗੰਨੇ ਦੀ ਖੰਡ 4lbs
$4.49 bag
SUPER SPECIAL
Red Delicious Apples
ਲਾਲ ਸਵਾਦ ਸੇਬ
78¢ lb
SUPER SPECIAL
Cilantro
ਧਣੀਆ
2 bunches for $1.49
SUPER SPECIAL
Long English Cucumber
ਲੰਬੇ ਇੰਗਲਿਸ਼ ਖੀਰੇ
2 for $1.50
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ
(ਇੰਡੀਕੈਨ)
$3.98 bag
Chickpeas
ਚਿੱਟੇ ਛੋਲੇ
98¢ lb
Opo Squash (Long)
ਓਪੋ ਕੱਦੂ
98¢ lb
Seviyan Egg-Free 300 g
ਸੇਵੀਆਂ ਐਗਫ੍ਰੀ 300 ਗ੍ਰਾਮ
2 Packs for $2.99
Rapini (Sarson da Saag)
ਸਰਸੋਂ ਦਾ ਸਾਗ
$2.88 bunch
Red Lentil Whole
ਮਸਰਾ ਦੀ ਸਾਬਤ ਦਾਲ
88¢ lb
Almonds #1 Large Size
ਵੱਡੇ ਬਦਾਮ
$3.98 lb
Long Eggplants
ਲੰਬੇ ਬਤਾਊਂ
$1.49 lb
Desi Karela
ਦੇਸੀ ਕਰੇਲਾ
$1.88 lb
Large Seedless Oranges
ਵੱਡੇ ਸੰਤਰੇ (ਬਿਨਾ ਬੀਜ ਤੋਂ)
99¢ lb
Zucchini Squash
ਜ਼ੁਕੀਨੀ ਸਕੁਐਸ਼
78¢ lb
Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle
Sher Besan 4 lbs
ਸ਼ੇਰ ਵੇਸਣ
$3.98 bag
Daikon (Moli)
ਮੂਲੀ
99¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag
Gala Apples US #1
ਗਾਲਾ ਸੇਬ ਯੂ.ਐਸ. #1
$1.39 lb
Green Bell Peppers
ਹਰੀ ਸ਼ਿਮਲਾ ਮਿਰਚ
$1.29 lb
Walnuts in Shell
ਸਾਬਤ ਅਖਰੋਟ
$2.98 lb
Thur Apr 04, 2024 - Wed Apr 10, 2024
We reserve the right to limit the quantities while they last
Specials valid for Lower Mainland only
Product images may differ from the actual product.
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 8 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ----------------- 236-317-6272
Surrey ------------ 12990 72nd Ave. -------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ----------------- 604-372-2023
Surrey ------------ 101-7228 192St. --------------- 604-575-3750
New Westminster 101-331 6th St. --------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. ---------------- 604-244-9520